# ਅਧਿਆਇ 9

# ਪਵਿੱਤਰ ਕੀਤੇ ਜਾਣ ਦਾ ਪੂਰਾ ਹੋਣਾ

ਯਾਜਕਾਂ ਦੇ ਪਵਿੱਤਰ ਕੀਤੇ ਜਾਣ ਦੀ ਕਹਾਣੀ ਲੇਵੀਆਂ 9 ਵਿਚ ਆਪਣੇ ਚਰਮ ਤੇ ਪਹੁੰਚਦੀ ਹੈ। ਸਮਾਰੋਹਾਂ ਦੇ ਸੱਤ ਦਿਨਾਂ ਬਾਅਦ ਪ੍ਰਕਿਰਿਆ ਥਾਪੇ ਗਏ ਯਾਜਕਾਂ ਦੇ ਉਹ ਕਰਨ ਦੇ ਨਾਲ ਜੋ ਉਹ ਕਰਨ ਲਈ ਉਨ੍ਹਾਂ ਨੂੰ ਹੁਣੇ ਹੁਣੇ ਅੱਡ ਕੀਤਾ ਗਿਆ ਸੀ, ਅਠਵੇਂ ਦਿਨ ਇਹ ਪ੍ਰਕਿਰਿਆ ਖ਼ਤਮ ਹੋ ਜਾਂਦੀ ਹੈ। ਉਨ੍ਹਾਂ ਮੰਡਲੀ ਦੇ ਸਾਹਮਣੇ ਇਕ ਦੇ ਬਾਅਦ ਇਕ ਕੁਰਬਾਨੀਆਂ ਚੜ੍ਹਾਈਆਂ (9: 1–21)। ਫਿਰ ਹਾਰੂਨ ਨੇ ਲੋਕਾਂ ਨੂੰ ਅਸੀਸ ਦਿੱਤੀ ਅਤੇ ਉਹ ਅਤੇ ਮੂਸਾ ਡੇਰੇ ਦੇ ਅੰਦਰ ਚਲੇ ਗਏ। ਜਦ ਉਹ ਦਵੇਂ ਬਾਹਰ ਆਏ ਤਾਂ ਉਨ੍ਹਾਂ ਨੇ ਫੇਰ ਮੰਡਲੀ ਨੂੰ ਅਸੀਸ ਦਿੱਤੀ। ਇਸ ਤੋਂ ਬਾਅਦ ਯਹੋਵਾਹ ਦਾ ਪ੍ਰਤਾਪ ਪਰਗਟ ਹੋਇਆ ਅਤੇ ਯਹੋਵਾਹ ਦੇ ਅੱਗੋ ਇਕ ਅੱਗ ਨੇ ਜਗਵੇਦੀ ਉਤਲੀਆਂ ਭੇਟਾਂ ਨੂੰ ਭਸਮ ਕਰ ਦਿੱਤਾ (9:22–24)। ਇਸ ਤਰ੍ਹਾਂ ਨਾਲ ਖ਼ੁਦਾ ਨੇ ਉਹ ਸਭ ਜੋ ਹੋਇਆ ਸੀ ਉਸ ਨੂੰ ਆਪਣੀ ਪਰਵਾਨਗੀ ਦੇਣ ਦਾ ਸੰਕੇਤ ਦਿੱਤਾ।

ਅਧਿਆਇ 9 ਦੇ ਅਖ਼ੀਰ ਤਕ ਸ਼ਰ੍ਹਾ ਦਿੱਤੀ ਜਾ ਚੁੱਕੀ ਸੀ, ਡੇਰਾ ਬਣ ਚੁੱਕਿਆ ਸੀ, ਯਾਜਕਾਈ ਅਤੇ ਡੇਰਾ ਪਵਿੱਤਰ ਕੀਤੇ ਜਾ ਚੁੱਕੇ ਸਨ, ਅਤੇ ਕੁਰਬਾਨੀ ਦਾ ਸਿਸਟਮ ਸ਼ੁਰੂ ਹੋ ਚੁੱਕਾ ਸੀ। ਇਸਰਾਏਲ ਦੇ ਰੂਹਾਨੀ ਅਤੇ ਧਾਰਮਿਕ ਭਵਿੱਖ ਲਈ ਸਭ ਕੁਝ ਤਿਆਰ ਸੀ।

## ਅਠਵੇਂ ਦਿਨ ਭੇਟਾਂ ਲਈ ਤਿਆਰੀਆਂ (9:1-7)

ਪਵਿੱਤਰ ਕੀਤੇ ਜਾਣ ਦੀ ਪ੍ਰਕਿਰਿਆ ਦਾ ਆਖ਼ਰੀ ਕਦਮ ਯਹੋਵਾਹ ਵੱਲੋਂ ਦੱਸੀਆਂ ਭੇਟਾਂ ਅਠਵੇਂ ਦਿਨ ਚੜ੍ਹਾਉਣਾ ਹੈ। ਇਨ੍ਹਾਂ ਭੇਟਾਂ ਦੇ ਚੜ੍ਹਾਏ ਜਾਣ ਤੋਂ ਪਹਿਲਾਂ ਯਾਜਕਾਂ ਨੂੰ ਸਿਖਲਾਈ ਦਿੱਤੀ ਜਾਣੀ ਜ਼ਰੂਰੀ ਸੀ ਕਿ ਕਿਵੇਂ ਕਰਨਾ ਹੈ ਅਤੇ ਕੁਰਬਾਨੀ ਦੇ ਜਾਨਵਰ ਇਕੱਠੇ ਕੀਤੇ ਜਾਣੇ ਸਨ। ਉਸ ਤੋਂ ਬਾਅਦ ਪਵਿੱਤਰ ਕੀਤੇ ਗਏ ਡੇਰੇ ਵਿਚ ਲਿਆਂਦੀਆਂ ਗਈਆਂ ਪਹਿਲੀਆਂ ਭੇਟਾਂ ਦੇ ਗਵਾਹ ਬਣਨ ਲਈ ਇਕੱਠੇ ਹੋਣ ਲਈ ਮੰਡਲੀ ਨੂੰ ਲਿਆਂਦਾ ਜਾਣਾ ਸੀ।

### ਹਾਰੂਨ ਲਈ ਹਦਾਇਤਾਂ (9: 1-4)

**[1]ਅਤੇ ਅਠਵੇਂ ਦਿਨ ਐਉਂ ਹੋਇਆ ਜੋ ਮੂਸਾ ਨੇ ਹਾਰੂਨ ਅਤੇ ਉਸ ਦੇ ਪੁੱਤਰਾਂ ਅਤੇ ਇਸਰਾਏਲ ਦੇ ਬਜ਼ੁਰਗਾਂ ਨੂੰ ਸੱਦਿਆ [2]ਅਤੇ ਉਸ ਨੇ ਹਾਰੂਨ ਨੂੰ ਆਖਿਆ, ਪਾਪ ਦੀ ਭੇਟ ਦੇ ਲਈ ਤੂੰ ਇੱਕ ਵੱਛਾ ਅਤੇ ਹੋਮ ਦੀ ਭੇਟ ਦੇ ਲਈ ਇੱਕ ਛੱਤ੍ਰਾ ਬੱਜ ਤੋਂ ਰਹਿਤ ਲੈ ਕੇ ਉਨ੍ਹਾਂ ਨੂੰ ਯਹੋਵਾਹ ਦੇ ਅੱਗੇ ਚੜ੍ਹਾਵੀਂ [3]ਅਤੇ ਤੂੰ ਇਸਰਾਏਲੀਆਂ ਨੂੰ ਐਉਂ ਬੋਲ ਕਿ ਤੁਸੀਂ ਪਾਪ ਦੀ ਭੇਟ ਦੇ ਲਈ ਬੱਕਰਿਆਂ ਵਿੱਚੋਂ ਇੱਕ ਪੱਠ ਅਤੇ ਇੱਕ ਵਰਹੇ ਦਾ ਇੱਕ ਵੱਛਾ ਅਤੇ ਇੱਕ ਲੇਲਾ ਹੋਮ ਦੀ ਭੇਟ ਦੇ ਲਈ ਬੱਜ ਤੋਂ ਰਹਿਤ ਲੈਣਾ [4]ਨਾਲੇ ਸੁਖ ਸਾਂਦ ਦੀਆਂ ਭੇਟਾਂ ਦੇ ਲਈ ਇੱਕ ਬਲਦ ਅਤੇ ਇੱਕ ਛੱਤ੍ਰਾ ਯਹੋਵਾਹ ਦੇ ਅੱਗੇ ਚੜ੍ਹਾਉਣ ਲਈ ਅਤੇ ਇੱਕ ਤੇਲ ਨਾਲ ਰਲੀ ਹੋਈ ਮੈਦੇ ਦੀ ਭੇਟ ਕਿਉਂ ਜੋ ਅੱਜ ਯਹੋਵਾਹ ਤੁਹਾਨੂੰ ਦਰਸ਼ਨ ਦੇਵੇਗਾ।**

ਕੁਰਬਾਨੀ ਦੇ ਸਿਸਟਮ ਨੂੰ ਸ਼ੁਰੂ ਕਰਨ ਲਈ ਪਹਿਲਾਂ ਮੂਸਾ ਨੇ ਹਾਰੂਨ ਨੂੰ ਹਦਾਇਤਾਂ ਦਿੱਤੀਆਂ।

**ਆਇਤ 1.** ਸੱਤ ਦਿਨਾਂ ਤਕ ਹਾਰੂਨ ਅਤੇ ਉਸ ਦੇ ਪੁੱਤਰ ਡੇਰੇ ਦੇ ਅਹਾਤੇ ਦੇ ਅੰਦਰ ਰੁਕੇ ਰਹੇ। ਰੋਜ਼ ਉਹ ਲੇਵੀਆਂ 8:14–29 ਵਿਚ ਦੱਸੀਆਂ ਗਈਆਂ ਕੁਰਬਾਨੀਆਂ ਦਿੰਦੇ ਸਨ।[1] ਉਸ ਸਮੇਂ ਦੇ ਪੂਰਾ ਹੋ ਜਾਣ ਤੋਂ ਬਾਅਦ, ਯਾਜਕ ਆਪਣਾ ਕੰਮ ਸ਼ੁਰੂ ਕਰਨ ਲਈ ਤਿਆਰ ਸਨ। ਉਹ ਸ਼ੁਰੂਆਤ ਇਕ ਖ਼ਾਸ ਮੌਕਾ ਹੋਣਾ ਸੀ,[2] ਸਮਾਰੋਹਾਂ ਦੇ ਰਾਹੀਂ ਅਤੇ ਇਸਰਾਏਲ ਦੀ ਸਾਰੀ ਮੰਡਲੀ ਵੱਲੋਂ ਗਵਾਹੀ ਨਾਲ ਇਸ ਦੀ ਪਛਾਣ ਹੋਣੀ ਸੀ। ਇਸ ਕਰਕੇ **ਮੂਸਾ** ਨੇ **ਹਾਰੂਨ ਅਤੇ ਉਸ ਦੇ ਪੁੱਤਰਾਂ ਅਤੇ ਇਸਰਾਏਲ ਦੇ ਬਜ਼ੁਰਗਾਂ** (ਲੋਕਾਂ ਦੇ ਪ੍ਰਧਾਨਾਂ) ਨਾਲ ਗੱਲ ਕੀਤੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀਆਂ ਕੀ–ਕੀ ਭੂਮਿਕਾਵਾਂ ਹੋਣੀਆਂ ਸਨ।

ਟੀਕਾਕਾਰਾਂ ਨੇ ਇਸ ਪ੍ਰਕਿਰਿਆ ਅਤੇ ਸੰਸਾਰ ਦੀ ਸ੍ਰਿਸ਼ਟੀ ਵਿਚਕਾਰ ਸਮਾਨਤਾ ਵੇਖੀ ਹੈ। ਜਿਵੇਂ ਪਰਮੇਸ਼ੁਰ ਦੀ ਸ੍ਰਿਸ਼ਟੀ ਸੱਤ ਦਿਨਾਂ ਵਿਚ ਪੂਰੀ ਹੋਈ ਸੀ ਅਤੇ ਅਠਵੇਂ ਦਿਨ ਸੰਸਾਰ ਪਰਮੇਸ਼ੁਰ ਦੇ ਠਹਿਰਾਏ ਗਏ ਨਿਯਮਾਂ ਅਨੁਸਾਰ ਕੰਮ ਕਰਨ ਲੱਗ ਪਿਆ ਸੀ, ਉਵੇਂ ਹੀ ਉਸ ਦਿਨ ਯਾਜਕਾਂ ਦੀ ਥਾਪਣਾ ਵਿਚ ਸੱਤ ਦਿਨ ਲਗ ਗਏ ਅਤੇ ਅਠਵੇਂ ਦਿਨ ਉਹ ਯਾਜਕ ਕੁਰਬਾਨੀ ਦੇ ਸਿਸਟਮ ਨੂੰ ਚਲਾਉਣ ਦੇ ਪਰਮੇਸ਼ੁਰ ਦੇ ਨਿਯਮਾਂ ਦੇ ਅਨੁਸਾਰ ਕੰਮ ਕਰਨ ਲੱਗ ਪਏ।

**ਆਇਤ 2.** ਮੂਸਾ ਨੇ **ਹਾਰੂਨ** ਨੂੰ **ਪਾਪ ਦੀ ਭੇਟ ਲਈ ਇਕ ਵੱਛਾ**, ਅਤੇ **ਹੋਮ ਦੀ ਭੇਟ ਲਈ ਇੱਕ ਛੱਤ੍ਰਾ** ਲਿਆਉਣ ਲਈ ਅਤੇ ਆਪਣੇ ਅਤੇ ਆਪਣੇ ਪੁੱਤਰਾਂ ਦੀ ਤਰਫ਼ੋਂ ਉਨ੍ਹਾਂ ਨੂੰ ਕੁਰਬਾਨ ਕਰਨ ਲਈ ਆਖਿਆ। ਪਾਪ ਦੀਆਂ ਭੇਟਾਂ ਸਬੰਧੀ ਨਿਯਮ ਅਨੁਸਾਰ ਜ਼ਰੂਰੀ ਸੀ ਕਿ ਪ੍ਰਧਾਨ ਯਾਜਕ ਲਈ ਪਾਪ ਦੀ ਭੇਟ ਦੇ ਰੂਪ ਵਿਚ ਬਲਦ ਦਿੱਤਾ ਜਾਵੇ।[3]

**ਆਇਤਾਂ 3, 4.** ਫਿਰ ਮੂਸਾ ਨੇ **ਇਸਰਾਏਲੀਆਂ ਨੂੰ** ਦੱਸਿਆ ਕਿ ਉਨ੍ਹਾਂ ਤੋਂ ਕੀ ਕੀ ਕਰਨ ਦੀ ਉਮੀਦ ਸੀ। ਕੋਈ ਸ਼ੱਕ ਨਹੀਂ ਕਿ ਉਸ ਨੇ ਸਾਰੀ ਮੰਡਲੀ ਨਾਲ ਉਨ੍ਹਾਂ ਦੇ ਆਗੂਆਂ ਨੂੰ, ''ਬਜ਼ੁਰਗਾਂ'' ਨੂੰ ਸੰਬੋਧਿਤ ਕਰਦਿਆਂ ਗੱਲ ਕੀਤੀ (9:1)। ਉਸ ਨੇ ਉਨ੍ਹਾਂ ਨੂੰ **ਪਾਪ ਦੀ ਭੇਟ** ਦੇ ਲਈ ਇਕ ਜਾਨਵਰ (**ਬੱਕਰਿਆਂ ਵਿੱਚੋਂ ਇਕ ਪੱਠ**) ਅਤੇ **ਹੋਮ ਦੀ ਭੇਟ ਦੇ ਲਈ** ਦੋ ਜਾਨਵਰ (**ਇਕ ਵਰ੍ਹੇ ਦਾ ਇਕ ਵੱਛਾ ਅਤੇ ਇਕ ਲੇਲਾ**[4]) ਅਤੇ **ਸੁਖ ਸਾਂਦ ਦੀਆਂ ਭੇਟਾਂ ਦੇ ਲਈ** ਦੋ ਜਾਨਵਰ (**ਇਕ ਬਲਦ ਅਤੇ ਇਕ ਛੱਤ੍ਰਾ**) ਲਿਆਉਣ ਲਈ ਆਖਿਆ। ਇਸ ਤੋਂ ਇਲਾਵਾ ਉਨ੍ਹਾਂ ਨੇ **ਤੇਲ ਨਾਲ ਰਲੀ ਹੋਈ ਮੈਦੀ ਦੀ ਭੇਟ** ਲਿਆਉਣੀ ਸੀ। ਇਨ੍ਹਾਂ ਭੇਟਾਂ ਦੇ ਜਵਾਬ ਵਿਚ **ਯਹੋਵਾਹ** ਨੇ ਉਨ੍ਹਾਂ ਨੂੰ **ਦਰਸ਼ਣ** ਦੇਣਾ ਸੀ। ਇਸ ਵਾਅਦੇ ਨਾਲ ਲੋਕਾਂ ਨੂੰ ਮੂਸਾ ਦੇ ਰਾਹੀਂ ਦਿੱਤੇ ਗਏ ਖ਼ੁਦਾ ਦੇ ਹੁਕਮਾਂ ਨੂੰ ਮੰਨਣ ਦੀ ਪ੍ਰੇਰਣਾ ਵਿਚ ਮਦਦ ਮਿਲੀ ਹੋਵੇਗੀ।

## ਪੂਰੀ ਮੰਡਲੀ ਦੇ ਸਾਹਮਣੇ ਹਦਾਇਤਾਂ (9:5-7)

**5ਅਤੇ ਜੋ ਕੁਝ ਮੂਸਾ ਆਗਿਆ ਦਿੱਤੀ ਸੀ ਓਹ ਉਸ ਨੂੰ ਮੰਡਲੀ ਦੇ ਡੇਰੇ ਦੇ ਅੱਗੇ ਲਿਆਏ ਅਤੇ ਸਾਰੀ ਮੰਡਲੀ ਯਹੋਵਾਹ ਦੇ ਅੱਗੇ ਨੇੜੇ ਢੁੱਕ ਖਲੋਤੀ 6ਅਤੇ ਮੂਸਾ ਆਖਿਆ, ਜੋ ਤੁਹਾਨੂੰ ਕਰਨ ਦੀ ਯਹੋਵਾਹ ਨੇ ਆਗਿਆ ਦਿੱਤੀ ਹੈ ਸੋ ਇਹ ਗੱਲ ਹੈ ਅਤੇ ਯਹੋਵਾਹ ਦੇ ਪਰਤਾਪ ਦਾ ਦਰਸ਼ਨ ਤੁਹਾਨੂੰ ਹੋਵੇਗਾ 7ਅਤੇ ਮੂਸਾ ਹਾਰੂਨ ਨੂੰ ਆਖਿਆ, ਜਗਵੇਦੀ ਦੇ ਕੋਲ ਜਾ ਕੇ ਆਪਣੀ ਪਾਪ ਦੀ ਭੇਟ ਅਤੇ ਆਪਣੀ ਹੋਮ ਦੀ ਭੇਟ ਚੜ੍ਹਾਓ ਅਤੇ ਆਪਣੇ ਲਈ ਅਤੇ ਲੋਕਾਂ ਦੇ ਲਈ ਪ੍ਰਾਸਚਿਤ ਕਰ ਅਤੇ ਲੋਕਾਂ ਦੀ ਭੇਟ ਚੜ੍ਹਾਕੇ ਉਨ੍ਹਾਂ ਦੇ ਪ੍ਰਾਸਚਿਤ ਕਰ ਜਿਹਾ ਯਹੋਵਾਹ ਨੇ ਆਗਿਆ ਦਿੱਤੀ।**

ਜਦੋਂ ਲੋਕ ਇਕੱਠੇ ਹੋ ਗਏ, ਤਾਂ ਮੂਸਾ ਨੇ ਉਨ੍ਹਾਂ ਨੂੰ ਹੋਰ ਹਦਾਇਤਾਂ ਦਿੱਤੀਆਂ।

**ਆਇਤ 5.** ਇਸ ਵਿਰਤਾਂਤ ਵਿਚ ਕੂਚ ਦੇ ਕੁਝ ਆਖ਼ਰੀ ਅਧਿਆਇਆਂ ਅਤੇ ਲੇਵੀਆਂ ਦੀ

ਪੋਥੀ ਦੇ ਪਹਿਲੇ ਅਧਿਆਇਆਂ ਦੇ ਵਿਸ਼ੇ ਨੂੰ ਦੁਹਰਾਇਆ ਗਿਆ ਹੈ: ਲੋਕਾਂ ਨੇ ਉਹੀ ਕੀਤਾ ਜੋ ਉਨ੍ਹਾਂ ਨੂੰ ਕਰਨ ਲਈ ਆਖਿਆ ਗਿਆ ਸੀ। ਉਹ ਉਹ ਭੇਟਾਂ **ਲਿਆਏ** ਜਿਨ੍ਹਾਂ ਦੀ **ਮੂਸਾ ਆਗਿਆ ਦਿੱਤੀ ਸੀ** ਅਤੇ ਉਨ੍ਹਾਂ ਨੂੰ **ਮੰਡਲੀ ਦੇ ਡੇਰੇ ਦੇ ਅੱਗੇ** (ਡੇਰੇ) ਲਿਆਂਦਾ। ਫਿਰ **ਸਾਰੀ ਮੰਡਲੀ** ਇਹ ਸੁਣਨ ਲਈ ਕਿ **ਯਹੋਵਾਹ** ਕੀ ਆਖੇਗਾ ਇਕੱਠੀ ਹੋਈ ਅਤੇ ਆਪਣੇ ਯਾਜਕਾਂ ਵੱਲੋਂ ਅਰਪਤ ਕੀਤੀ ਆਪਣੀ ਪਵਿੱਤਰ ਥਾਂ ਵਿਚ ਆਪਣੀਆਂ ਪਹਿਲੀਆਂ ਭੇਟਾਂ ਚੜ੍ਹਾਉਣ ਲਈ ਇਕੱਠੀ ਹੋਈ।

**ਆਇਤ 6. ਮੂਸਾ** ਨੇ ਲੋਕਾਂ ਨੂੰ ਉਸ ਨੂੰ ਜੋ **ਯਹੋਵਾਹ ਨੇ ਆਗਿਆ ਦਿੱਤੀ** ਸੀ ਸੁਣਨ ਅਤੇ ਮੰਨਣ ਲਈ ਆਖਿਆ ਤਾਂ ਜੋ ਉਹ ਉਨ੍ਹਾਂ ਨੂੰ **ਦਰਸ਼ਣ** ਦੇਵੇ। ਯਾਜਕਾਂ ਨੇ ਕੁਰਬਾਨੀਆਂ ਚੜ੍ਹਾਉਣੀਆਂ ਸਨ ਪਰ ਉਨ੍ਹਾਂ ਨੂੰ ਵੇਖਣ ਵਾਲੇ ਲੋਕਾਂ ਨੇ ਆਪਣੇ ਆਪ ਨੂੰ ਉਸ ਦਿਨ ਦਿੱਤੀਆਂ ਜਾਣ ਵਾਲੀਆਂ ਭੇਟਾਂ ਵਿਚ ਸਰਗਰਮੀ ਨਾਲ ਯੋਗਦਾਨ ਦੇਣ ਵਾਲੇ ਬਣਨਾ ਸੀ।

**ਆਇਤ 7.** ਫਿਰ **ਮੂਸਾ** ਨੇ ਭੀੜ ਦੇ ਸਾਮਹਣੇ **ਹਾਰੂਨ** ਨਾਲ ਸਿੱਧੇ ਗੱਲ ਕੀਤੀ, ਉਸ ਨੂੰ ਇਹ ਦੱਸਦਿਆਂ ਕਿ ਉਸ ਨੇ ਦੂਜੇ ਯਾਜਕਾਂ ਦੀ ਮਦਦ ਨਾਲ ਕੀ ਕਰਨਾ ਹੈ। ਉਨ੍ਹਾਂ ਨੇ ਕੁਰਬਾਨੀਆਂ ਚੜ੍ਹਾਉਣੀਆਂ ਸਨ, ਪਹਿਲਾਂ ਆਪਣੇ ਲਈ ਅਤੇ ਫਿਰ **ਲੋਕਾਂ ਦੇ ਲਈ**। ਇਹ ਕੁਰਬਾਨੀਆਂ **ਪ੍ਰਾਸਚਿਤ ਕਰ**ਨ ਲਈ ਸਨ। ਲੋਕਾਂ ਵੱਲੋਂ ਪ੍ਰਾਸਚਿਤ ਕਰਨ ਤੋਂ ਪਹਿਲਾਂ ਯਾਜਕਾਂ ਲਈ ਆਪਣੇ ਲਈ ਪ੍ਰਾਸਚਿਤ ਕਰਨਾ ਜ਼ਰੂਰੀ ਸੀ। ਕੁਰਬਾਨੀਆਂ ਦੇ ਸਿਸਟਮ ਨਾਲ ਇਕ ਜ਼ਰੀਆ ਮਿਲਣਾ ਸੀ ਜਿਸ ਦੇ ਰਾਹੀਂ ਖ਼ੁਦਾ ਦੇ ਲੋਕ ਆਪਣੇ ਪਾਪਾਂ ਲਈ ਪ੍ਰਾਸਚਿਤ ਕਰਕੇ ਅਤੇ ਮਾਫ਼ੀ ਪਾ ਕੇ ਉਸ ਦੇ ਨਾਲ ਸਹੀ ਸਬੰਧ ਕਾਇਮ ਕਰ ਸਕਦੇ ਸਨ।

## **ਯਾਜਕਾਂ ਲਈ ਭੇਟਾਂ** (9:8-14)

ਉਸ ਅਠਵੇਂ ਦਿਨ ਭੇਟਾਂ ਦੇ ਦੋ ਸੈਟ ਦਿੱਤੇ ਗਏ ਸਨ। ਇਕ ਸਮੂਹ ਉਨ੍ਹਾਂ ਯਾਜਕਾਂ ਲਈ ਸੀ ਜਿਹੜੇ ਭੇਟਾਂ ਚੜ੍ਹਾ ਰਹੇ ਸਨ (9:8–14), ਅਤੇ ਦੂਜਾ ਲੋਕਾਂ ਵਾਸਤੇ ਸੀ (9:15–21)।

### **ਪਾਪ ਦੀ ਭੇਟ** (9:8-11)

**[8]ਸੋ ਹਾਰੂਨ ਨੇ ਜਗਵੇਦੀ ਦੇ ਕੋਲ ਜਾਕੇ ਉਸ ਪਾਪ ਦੀ ਭੇਟ ਦੇ ਵੱਛੇ ਨੂੰ ਜੋ ਆਪਣੇ ਲਈ ਸੀ, ਕੱਟਿਆ [9]ਅਤੇ ਹਾਰੂਨ ਦੇ ਪੁੱਤਰ ਉਸ ਦਾ ਲਹੂ ਉਸ ਦੇ ਕੋਲ ਲੈ ਆਏ ਅਤੇ ਉਸ ਨੇ ਆਪਣੀ ਉਂਗਲ ਲਹੂ ਵਿੱਚ ਡੋਬ ਕੇ ਉਸ ਨੂੰ ਜਗਵੇਦੀ ਦਿਆਂ ਸਿੰਙਾਂ ਉੱਤੇ ਪਾਇਆ ਅਤੇ ਜਗਵੇਦੀ ਦੇ ਹੇਠ ਲਹੂ ਡੋਹਲ ਦਿੱਤਾ [10]ਪਰ ਪਾਪ ਦੀ ਭੇਟ ਦੀ ਜਿਹੜੀ ਚਰਬੀ ਅਤੇ ਗੁਰਦੇ ਅਤੇ ਕਲੇਜੇ ਦੇ ਉੱਤੇ ਝਿੱਲੀ ਸੀ ਸੋ ਉਸ ਨੇ ਜਗਵੇਦੀ ਦੇ ਉੱਤੇ ਸਾੜੀ ਜਿਹਾ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ [11]ਤੇ ਮਾਸ ਅਤੇ ਖੱਲ ਨੂੰ ਉਸ ਨੇ ਡੇਰੇ ਤੋਂ ਬਾਹਰ ਅੱਗ ਨਾਲ ਸਾੜਿਆ।**

ਯਾਜਕਾਂ ਲਈ ਦਿੱਤੀ ਜਾਣ ਵਾਲੀ ਪਹਿਲੀ ਭੇਟ ਪਾਪ ਦੀ ਭੇਟ ਸੀ।

**ਆਇਤ 8.** ਆਪਣੇ ਅਤੇ ਹੋਰਨਾਂ ਯਾਜਕਾਂ ਲਈ **ਪਾਪ ਦੀ ਭੇਟ** ਚੜ੍ਹਾਉਂਦਿਆਂ **ਹਾਰੂਨ** ਨੇ ਬੜੇ ਧਿਆਨ ਨਾਲ 4:3–12 ਵਿਚ ''ਮਸਹ ਕੀਤੇ ਹੋਏ ਯਾਜਕ'' ਲਈ ਦੱਸੀਆਂ ਗਈਆਂ ਹਦਾਇਤਾਂ ਦਾ ਪਾਲਨ ਕੀਤਾ। ਕੁਰਬਾਨੀ ਦੀ ਸ਼ੁਰੂਆਤ ਉਸ ਨੇ **ਵੱਛੇ** ਨੂੰ ਕੱਟਣ ਦੇ ਨਾਲ ਕੀਤੀ। ਪ੍ਰਧਾਨ ਯਾਜਕ (ਯਾਜਕਾਂ ਵਾਂਗ ਹੀ) ਦੂਜਿਆਂ ਦੇ ਪਾਪਾਂ ਲਈ ਪ੍ਰਾਸਚਿਤ ਕਰਨ ਲਈ ਭੇਟਾਂ ਨਹੀਂ ਲਿਆ ਸਕਦਾ ਸੀ ਜਦ ਤਕ ਉਹ **ਆਪਣੇ ਲਈ** ਪਾਪ ਦੀ ਭੇਟ ਨਾ ਚੜ੍ਹਾਉਂਦਾ। ਯਾਜਕ ਦੀ ਸ਼ੁੱਧਤਾ ਦੂਜਿਆਂ ਲਈ ਉਸ ਦੀ ਸਿਫ਼ਾਰਿਸ਼ ਦੇ ਕਾਰਗਰ ਹੋਣ ਲਈ ਜ਼ਰੂਰੀ ਸ਼ਰਤ ਸੀ।

**ਆਇਤਾਂ 9, 10. ਹਾਰੂਨ ਦੇ ਪੁੱਤਰ** ਵੀ ਜਿਹੜੇ ਯਾਜਕਾਈ ਦੀ ਨੁਮਾਇੰਦਗੀ ਕਰਦੇ ਸਨ, ਉਨ੍ਹਾਂ

ਨੂੰ ਵੀ ਪ੍ਰਾਸਚਿਤ ਦੀ ਲੋੜ ਸੀ, ਹਾਰੂਨ ਦੇ ਕੋਲ **ਲਹੂ** ਲਿਆਏ। ਉਸ ਨੇ ਇਸ ਵਿੱਚੋਂ **ਜਗਵੇਦੀ ਦਿਆਂ ਸਿੰਗਾਂ ਉੱਤੇ** ਲਾਇਆ।[5] ਬਾਕੀ ਦਾ ਉਸ ਨੇ **ਜਗਵੇਦੀ ਦੇ ਹੇਠ ਡੋਹਲ ਦਿੱਤਾ**। ਪਾਪ ਦੀਆਂ ਸਭ ਭੇਟਾਂ ਲਈ ਹਦਾਇਤਾਂ ਦਾ ਪਾਲਨ ਕਰਦਿਆਂ ਉਸ ਨੇ ਜਾਨਵਰ ਦੇ **ਚਰਬੀ** ਦੇ ਸਾਰੇ ਹਿੱਸੇ **ਜਗਵੇਦੀ** ਉੱਤੇ ਸਾੜ ਦਿੱਤੇ। ਪਾਠਕ ਨੂੰ ਯਕੀਨ ਦੁਆਇਆ ਜਾਂਦਾ ਹੈ ਕਿ ਵੱਛੇ ਦੀ ਬਲੀ ਦੇ ਕੇ ਯਾਜਕਾਂ ਨੇ ਉਵੇਂ ਹੀ ਕੀਤਾ **ਜਿਹਾ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ**।

**ਆਇਤ 11.** ਯਾਜਕਾਂ ਵੱਲੋਂ ਪਰਮੇਸ਼ੁਰ ਦੇ ਹੁਕਮਾਂ ਨੂੰ ਮੰਨਣ ਦਾ ਸਿਹਰਾ ਉਨ੍ਹਾਂ ਨੂੰ ਦੇਣ ਤੋਂ ਬਾਅਦ, ਵਚਨ ਦੱਸਦਾ ਹੈ ਕਿ ਪਾਪ ਦੀ ਭੇਟ ਦੇ ਜਿਹੜੇ ਹਿੱਸੇ ਅੱਗ ਵਿਚ ਸੜਦੇ ਨਹੀਂ ਸਨ ਉਨ੍ਹਾਂ ਨੂੰ **ਡੇਰੇ ਤੋਂ ਬਾਹਰ ਅੱਗ ਨਾਲ ਸਾੜਿਆ** ਜਾਂਦਾ ਸੀ। ਯਾਜਕਾਂ ਨੂੰ ਪਾਪ ਦੀਆਂ ਹੋਰ ਭੇਟਾਂ ਦੇ ਮਾਸ ਵਿੱਚੋਂ ਖਾਣ ਦੀ ਇਜਾਜ਼ਤ ਸੀ, ਪਰ ਉਨ੍ਹਾਂ ਆਪਣੇ ਵੱਲੋਂ ਦਿੱਤੀਆਂ ਗਈਆਂ ਪਾਪ ਦੀਆਂ ਭੇਟਾਂ ਦੇ **ਮਾਸ** ਨੂੰ ਨਹੀਂ ਖਾਧਾ। ਖ਼ੁਦਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਪਾਪਾਂ ਤੋਂ ਫ਼ਾਇਦਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ।

### ਹੋਮ ਦੀ ਭੇਟ (9: 12-14)

**[12]ਅਤੇ ਉਸ ਨੇ ਹੋਮ ਦੀ ਭੇਟ ਨੂੰ ਕੱਟਿਆ ਅਤੇ ਹਾਰੂਨ ਦੇ ਪੁੱਤਰ ਉਸ ਦੇ ਕੋਲ ਲਹੂ ਲਿਆਏ ਜਿਸ ਨੂੰ ਉਸ ਨੇ ਜਗਵੇਦੀ ਦੇ ਉੱਤੇ ਚੁਫੇਰੇ ਛਿਣਕਿਆ [13]ਅਤੇ ਉਹ ਉਸ ਦੇ ਅੱਗੇ ਹੋਮ ਦੀ ਭੇਟ ਉਸ ਦੇ ਟੋਟਿਆਂ ਅਤੇ ਉਸ ਦੇ ਸਿਰ ਸਣੇ ਲਿਆਏ ਅਤੇ ਉਸ ਨੇ ਉਨ੍ਹਾਂ ਨੂੰ ਜਗਵੇਦੀ ਉੱਤੇ ਸਾੜਿਆ। [14]ਅਤੇ ਉਸ ਨੇ ਆਂਦ੍ਰਾਂ ਨੂੰ ਅਤੇ ਲੱਤਾਂ ਨੂੰ ਧੋ ਕੇ ਜਗਵੇਦੀ ਦੇ ਉੱਤੇ ਉਨ੍ਹਾਂ ਨੂੰ ਹੋਮ ਦੀ ਬਲੀ ਦੇ ਉੱਤੇ ਸਾੜਿਆ।**

ਯਾਜਕਾਂ ਵੱਲੋਂ ਦਿੱਤੀ ਜਾਣ ਵਾਲੀ ਦੂਜੀ ਭੇਟ ਉਨ੍ਹਾਂ ਦੇ ਆਪਣੇ ਵਾਸਤੇ ਹੋਮ ਦੀ ਭੇਟ ਸੀ।

**ਆਇਤ 12.** ਪਾਪ ਦੀ ਭੇਟ ਨਾਲ ਪਹਿਲਾਂ ਕੀਤੇ ਵਾਂਗ ਹਾਰੂਨ ਨੇ ਕੁਰਬਾਨੀ ਲਿਆਉਣ ਵਾਲੇ ਵਿਅਕਤੀ ਦੀ ਭੂਮਿਕਾ ਨਿਭਾਈ ਜਦ ਉਸ ਨੇ ਜਾਨਵਰ (ਛੱਤ੍ਰਾ) ਕੱਟਿਆ। ਹੋਰਨਾਂ ਯਾਜਕਾਂ ਨੇ, ਜੋ **ਹਾਰੂਨ ਦੇ ਪੁੱਤਰ** ਸਨ, **ਲਹੂ** ਇਕੱਠਾ ਕਰਕੇ **ਉਸ ਦੇ ਕੋਲ** ਲਿਆਂਦਾ ਜੋ ਕਿ ਕਾਫ਼ੀ ਵੱਡਾ ਸਮਾਰੋਹ ਹੋਵੇਗਾ। ਹੁਣ ਯਾਜਕ ਦੇ ਰੂਪ ਵਿਚ ਕੰਮ ਕਰਦਿਆਂ ਹਾਰੂਨ ਨੇ ਉਸ ਨੂੰ **ਜਗਵੇਦੀ ਦੇ ਉੱਤੇ ਚਫੇਰੇ ਛਿਣਕਿਆ**। ਮੂਸਾ ਦੀ ਸ਼ਰ੍ਹਾ ਦੇ ਤਹਿਤ ਜ਼ਿਆਦਾਤਰ ਭੇਟਾਂ ਵਾਂਗ, ਇੱਥੇ ਵੀ ਸ਼ੁੱਧ ਕੀਤੇ ਜਾਣ ਜਾਂ ਪ੍ਰਾਸਚਿਤ ਲਈ ਲਹੂ ਦਾ ਵਹਾਇਆ ਜਾਣਾ ਜ਼ਰੂਰੀ ਸੀ।

**ਆਇਤਾਂ 13, 14.** ਹੋਮ ਬਲੀ ਨੂੰ ਪੂਰਿਆਂ ਕਰਨ ਲਈ ਯਾਜਕਾਂ ਨੇ ਜਾਨਵਰ ਦਾ ਮਾਸ **ਟੋਟਿਆਂ** ਵਿਚ ਕਰਕੇ **ਉਨ੍ਹਾਂ ਨੂੰ** ਹਾਰੂਨ ਨੂੰ ਦੇ ਦਿੱਤਾ। ਉਸ ਨੇ ਉਨ੍ਹਾਂ ਨੂੰ ਉੱਥੇ ਰੱਖ ਦਿੱਤਾ ਜਿੱਥੇ ਉਨ੍ਹਾਂ ਨੂੰ **ਜਗਵੇਦੀ ਉੱਤੇ ਸਾੜਿਆ** ਜਾਣਾ ਸੀ। ਇਸੇ ਤਰ੍ਹਾਂ, ਹਾਰੂਨ ਵੱਲੋਂ **ਆਦ੍ਰਾਂ ਨੂੰ ਅੱਗੇ ਲੱਤਾਂ ਨੂੰ ਧੋ** ਲਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾਲ ਸਾੜੇ ਜਾਣ ਵਾਸਤੇ **ਜਗਵੇਦੀ ਦੇ ਉੱਤੇ** ਰੱਖ ਦਿੱਤਾ ਗਿਆ।

**ਹੋਮ ਦੀ ਬਲੀ** ਨਾਲ ਪ੍ਰਾਸਚਿਤ ਤਾਂ ਭਾਵੇਂ ਪੂਰਾ ਹੋ ਗਿਆ ਸੀ (1:4), ਪਰ ਬੁਨਿਆਦੀ ਤੌਰ ਤੇ ਇਹ ਯਹੋਵਾਹ ਅੱਗੇ ਚੜ੍ਹਾਵਾ ਲਿਆਉਣ ਵਾਲੇ ਦਾ ਸੰਕੇਤਕ ਤੌਰ ਤੇ ਅਰਪਿਤ ਕੀਤਾ ਜਾਣਾ ਸੀ। ਕੁਰਬਾਨ ਕੀਤੇ ਜਾਣ ਲਈ ਜਾਨਵਰ ਨੂੰ ਲਿਆਉਣ ਵਾਲੇ ਵਿਅਕਤੀ ਨੇ ਉਸ ਉੱਤੇ ਆਪਣੇ ਹੱਥ ਰੱਖੇ ਅਤੇ ਫਿਰ ਪੂਰੇ ਦਾ ਪੂਰਾ ਜਾਨਵਰ ਅੱਗ ਨਾਲ ਸਾੜ ਦਿੱਤਾ ਗਿਆ। ਇਸ ਦਾ ਪੂਰੀ ਤਰ੍ਹਾਂ ਨਾਲ ਯਹੋਵਾਹ ਨੂੰ ਦਿੱਤਾ ਜਾਣਾ ਚੜ੍ਹਾਵਾ ਲਿਆਉਣ ਵਾਲੇ ਵੱਲੋਂ ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਦੇਣ ਦਾ ਪ੍ਰਤੀਕ ਸੀ। ਇਸ ਮੌਕੇ ਤੇ, ਪਾਪ ਦੀ ਭੇਟ ਦੇ ਜ਼ਰੀਏ ਪਾਪਾਂ ਦੀ ਮਾਫ਼ੀ ਪਾਉਣ ਤੋਂ ਬਾਅਦ, ਯਾਜਕਾਂ ਨੇ ਸੰਕੇਤਕ ਤੌਰ ਤੇ ਇਸ ਹੋਮਬਲੀ ਦੇ ਰਾਹੀਂ ਆਪਣੇ ਆਪ ਨੂੰ ਯਹੋਵਾਹ ਦੇ ਅੱਗੇ ਅਰਪਣ ਕੀਤਾ।

## ਲੋਕਾਂ ਲਈ ਭੇਟਾਂ (9:15-21)

ਯਾਜਕਾਂ ਵਾਸਤੇ ਇਨ੍ਹਾਂ ਭੇਟਾਂ ਤੋਂ ਬਾਅਦ, ਯਾਜਕਾਂ ਨੇ ਲੋਕਾਂ ਵਾਸਤੇ ਭੇਟਾ ਦਿੱਤੀਆਂ। ਅਜਿਹਾ ਕਰਦਿਆਂ ਉਨ੍ਹਾਂ ਨੇ ਉਹ ਕਾਰਜ ਕੀਤਾ ਜਿਹਦੇ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਦੱਸਿਆ ਸੀ।

### ਪਾਪ ਦੀ ਭੇਟ, ਹੋਮ ਦੀ ਭੇਟ ਅਤੇ ਮੈਦੇ ਦੀ ਭੇਟ (9: 15-17)

**[15]ਤਾਂ ਉਹ ਲੋਕਾਂ ਦੀ ਭੇਟ ਲਿਆਇਆ ਅਤੇ ਜਿਹੜੀ ਲੋਕਾਂ ਦੇ ਲਈ ਪਾਪ ਦੀ ਭੇਟ ਸੀ ਉਸ ਬੱਕਰੇ ਨੂੰ ਲੈ ਕੇ ਉਸ ਨੂੰ ਕੱਟਿਆ ਅਤੇ ਪਹਿਲੋਂ ਵਾਂਙੁ ਉਸ ਨੂੰ ਪਾਪ ਦੇ ਲਈ ਚੜ੍ਹਾਇਆ [16]ਅਤੇ ਉਸ ਨੇ ਹੋਮ ਦੀ ਭੇਟ ਲਿਆ ਕੇ ਉਸ ਨੂੰ ਬਿਧੀ ਦੇ ਅਨੁਸਾਰ ਚੜ੍ਹਾਇਆ [17]ਅਤੇ ਉਹ ਮੈਦੇ ਦੀ ਭੇਟ ਲਿਆਇਆ ਅਤੇ ਉਸ ਤੋਂ ਇੱਕ ਮੁੱਠ ਭਰ ਕੇ ਉਸ ਨੂੰ ਜਗਵੇਦੀ ਦੇ ਉੱਤੇ ਸਵੇਰ ਦੇ ਹੋਮ ਕੋਲ ਸਾੜਿਆ।**

ਅਠਵੇਂ ਦਿਨ ਹਾਰੂਨ ਨੇ ਲੋਕਾਂ ਲਈ ਤਿੰਨ ਪ੍ਰਮੁੱਖ ਤਰ੍ਹਾਂ ਦੀਆਂ ਭੇਟਾਂ ਦਿੱਤੀਆਂ।

**ਆਇਤ 15.** ਲੇਖਕ ਨੇ ਪਿਛਲੀਆਂ ਕੁਝ ਆਇਤਾਂ ਦੇ ਵਿਸ਼ੇ ਅਤੇ ਇਸ ਪੈਰ੍ਹੇ ਦੇ ਵਿਸ਼ੇ ਵਿਚ ਫ਼ਰਕ ਕੀਤਾ ਹੈ। ਉਹ ਹਾਰੂਨ ਦੇ ਆਪਣੇ ਵਾਸਤੇ ਦਿੱਤੀਆਂ ਗਈਆਂ ਭੇਟਾਂ ਦਾ ਵਰਣਨ ਕਰ ਰਿਹਾ ਸੀ (9:7); ਪਰ ਇੱਥੇ ਉਹ ਉਨ੍ਹਾਂ ਭੇਟਾਂ ਦੀ ਜਿਹੜੀਆਂ ਹਾਰੂਨ ਨੇ **ਲੋਕਾਂ ਦੇ ਲਈ** ਦਿੱਤੀਆਂ, ਦੂਜੇ ਸ਼ਬਦਾਂ ਵਿਚ **ਲੋਕਾਂ ਦੀ ਭੇਟ** ਗੱਲ ਕਰਨ ਲੱਗ ਪਿਆ। ਹਾਰੂਨ ਨੇ **ਪਾਪ ਦੇ ਲਈ** ਦਿੰਦਿਆਂ **ਪਾਪ ਦੀ ਭੇਟ ਬੱਕਰੇ ਨੂੰ** ਲਿਆ ਕੇ **ਉਸ ਨੂੰ ਕੱਟਿਆ। ਪਹਿਲੋਂ ਵਾਂਙੁ** ਦਾ ਅਰਥ ਹੈ ਕਿ ਲੋਕਾਂ ਦੇ ਲਈ ਪਾਪ ਦੀ ਭੇਟ ਉਵੇਂ ਹੀ ਦਿੱਤੀ ਗਈ ਸੀ ਜਿਵੇਂ ਯਾਜਕਾਂ ਲਈ ਪਾਪ ਦੀ ਭੇਟ ਦਿੱਤੀ ਗਈ। ਪਾਪ ਦੀ ਭੇਟ ਦਾ ਮਕਸਦ ਮਾਫ਼ੀ ਸੀ। ਇਸ ਦੇ ਦੇ ਦਿੱਤੇ ਜਾਣ ਤੋਂ ਬਾਅਦ, ਲੋਕ ਆਪਣੇ ਪਾਪਾਂ ਤੋਂ ਸ਼ੁੱਧ ਹੋ ਕੇ ਪਰਮੇਸ਼ੁਰ ਦੇ ਅੱਗੇ ਖਲੋਤੇ ਸਨ।

**ਆਇਤ 16.** ਫਿਰ ਲੋਕਾਂ ਦੀ ਵੱਲੋਂ ਇਕ **ਹੋਮ ਦੀ ਭੇਟ** ਦਿੱਤੀ ਗਈ; ਹਾਰੂਨ ਨੇ ''ਇਕ ਵੱਛਾ ਅਤੇ ਇਕ ਛੱਤ੍ਰਾ'' ਚੜ੍ਹਾਇਆ (9:3)। ਜੇ ਯਾਜਕਾਂ ਲਈ ਹੋਮ ਦੀ ਭੇਟ ਇਹ ਦਰਸਾਉਂਦੀ ਸੀ ਕਿ ਉਹ ਯਹੋਵਾਹ ਨੂੰ ਦੇ ਦਿੱਤੇ ਗਏ ਹਨ, ਤਾਂ ਲੋਕਾਂ ਦੇ ਲਈ ਹੋਮ ਦੀ ਭੇਟ ਤੋਂ ਵੀ ਉਨ੍ਹਾਂ ਨੂੰ ਇਹੀ ਪਤਾ ਲੱਗਣਾ ਚਾਹੀਦਾ ਸੀ ਕਿ ਉਹ ਪਰਮੇਸ਼ੁਰ ਨੂੰ ਦੇ ਦਿੱਤੇ ਗਏ ਹਨ। ਉਨ੍ਹਾਂ ਨੇ ਯਹੋਵਾਹ ਲਈ ਪਵਿੱਤਰ ਹੋਣਾ ਸੀ।

**ਆਇਤ 17.** ਹਾਰੂਨ ਨੇ ਵੀ **ਮੈਦੇ ਦੀ ਭੇਟ** ਦਿੱਤੀ, ਭਾਵੇਂ ਵਿਸਤਾਰ ਨਾਲ ਨਹੀਂ ਦੱਸਿਆ ਗਿਆ ਕਿ ਉਸ ਵਿਚ ਕੀ ਕੀ ਸੀ। ਉਸ ਨੇ **ਉਸ ਤੋਂ ਇਕ ਮੁੱਠ ਭਰੀ** ਜੋ ਇਸ ਗੱਲ ਦਾ ਸੰਕੇਤ ਹੈ ਕਿ ਲੇਵੀਆਂ 2 ਵਿਚਲੇ ਨਿਯਮਾਂ ਨਾਲ ਮੇਲ ਖਾਂਦੇ ਉਸ ਨੇ ਜਗਵੇਦੀ ਦੀ ਅੱਗ ਤੇ ਚੜ੍ਹਾਏ ਗਏ ਚੜ੍ਹਾਵੇ ਦਾ ''ਯਾਦਗਾਰੀ ਵਾਲਾ ਹਿੱਸਾ'' ਲਿਆ। ਮੈਦੇ ਦੀ ਭੇਟ ਆਮ ਤੌਰ ਤੇ ਹੋਰਨਾਂ ਭੇਟਾਂ ਦੇ ਨਾਲ ਦਿੱਤੀ ਜਾਂਦੀ ਸੀ, ਜਿਸ ਨਾਲ ਉਸ ਚੜ੍ਹਾਵੇ ਦਾ ਮਕਸਦ ਪੂਰਾ ਕਰਨ ਵਿਚ ਮਦਦ ਮਿਲਦੀ ਸੀ ਅਤੇ ਪੂਰਕ ਵਜੋਂ ਇਸ ਨੂੰ ਦਿੱਤਾ ਜਾਂਦਾ ਸੀ। ਇੱਥੇ ਇਹ ਇਸ ਦੇ ਨਾਲ ਦਿੱਤੀ ਜਾਣ ਵਾਲੀ ਪਾਪ ਦੀ ਭੇਟ, ਹੋਮ ਦੀ ਭੇਟ ਅਤੇ ਸੁਖ ਸਾਂਦ ਦੀਆਂ ਭੇਟਾਂ ਤੇ ਜ਼ੋਰ ਦੇਣ ਲਈ ਸੀ।

**ਸਵੇਰ ਦੇ ਹੋਮ ਦੇ ਕੋਲ** ਵਾਕ ਅੰਸ਼ ਦਾ ਅਰਥ ਥੋੜ੍ਹਾ ਅਸਪੱਸ਼ਟ ਹੈ। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਗਿਣਤੀ 28: 1–4 ਵਿਚ ਦੱਸੀਆਂ ਗਈਆਂ ਸਵੇਰ ਅਤੇ ਸ਼ਾਮ ਦੀਆਂ ਭੇਟਾਂ ਪਹਿਲਾਂ ਹੀ ਦਿੱਤੀਆਂ ਜਾਣੀਆਂ ਸ਼ੁਰੂ ਹੋ ਚੁੱਕੀਆ ਸਨ, ਪਰ ਲਗਦਾ ਨਹੀਂ ਹੈ ਕਿ ਲੇਵੀਆਂ 9 ਵਿਚਲੀਆਂ ਘਟਨਾਵਾਂ ਤੋਂ ਪਹਿਲਾਂ ਰੋਜ਼ ਦਿੱਤੀਆਂ ਜਾਣ ਵਾਲੀਆਂ ਭੇਟਾਂ ਸ਼ੁਰੂ ਹੋ ਗਈਆਂ ਹੋਣਗੀਆਂ। ਇਕ ਵਿਆਖਿਆ ਇਹ ਹੈ ਕਿ ''ਸਵੇਰ ਦੀ ਹੋਮ ਦੀ ਭੇਟ'' (ਜਿਸ ਨੂੰ ਟਮਿਡ ਆਖਿਆ ਜਾਂਦਾ ਹੈ) ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਇਹ ਹਾਰੂਨ ਅਤੇ ਉਸ ਦੇ ਪੁੱਤਰਾਂ ਵੱਲੋਂ ਉਸ ਹਫ਼ਤੇ ਵਿਚ ਦਿੱਤੀਆਂ ਗਈਆਂ

ਭੇਟਾਂ ਵਿੱਚੋਂ ਹੋ ਸਕਦੀ ਹੈ ਜਦੋਂ ਉਹ ਡੇਰੇ ਦੇ ਅਹਾਤੇ ਦੇ ਅੰਦਰ ਰਹੇ ਸਨ।[6] ਯਹੂਦੀ ਵਿਦਵਾਨਾਂ ਨੇ ਆਖਿਆ ਹੈ ਕਿ ਇਹ ''ਸਵੇਰ ਦਾ ਹੋਮ'' ਉਸ ਦਿਨ ਪਹਿਲਾਂ ਦਿੱਤੀਆਂ ਜਾਣ ਵਾਲੀਆਂ ਕੁਰਬਾਨੀਆਂ ਨੂੰ ਕਿਹਾ ਗਿਆ ਹੈ।[7]

**ਸੁੱਖ ਸਾਂਦ ਦੀਆਂ ਭੇਟਾਂ** (9: 18-21)

**[18]ਨਾਲੇ ਉਸ ਨੇ ਜਿਹੜੀ ਲੋਕਾਂ ਦੇ ਲਈ ਸੁਖ ਸਾਂਦ ਦੀਆਂ ਭੇਟਾਂ ਦੀ ਬਲੀ ਕਰਕੇ ਸੀ ਉਸ ਬਲਦ ਅਤੇ ਛੱਤ੍ਰੇ ਨੂੰ ਕੱਟਿਆ ਅਤੇ ਹਾਰੂਨ ਦੇ ਪੁੱਤਰ ਉਸ ਦੇ ਕੋਲ ਲਹੂ ਲਿਆਏ ਜਿਸ ਨੂੰ ਉਸ ਨੇ ਜਗਵੇਦੀ ਦੇ ਉੱਤੇ ਚੁਫੇਰੇ ਛਿਣਕਿਆ [19]ਅਤੇ ਬਲਦ ਅਤੇ ਛੱਤ੍ਰੇ ਦੀ ਚਰਬੀ ਅਤੇ ਪੂਛ ਅਤੇ ਜੋ ਆਂਦ੍ਰਾਂ ਨੂੰ ਢੱਕਦੀ ਹੈ ਅਤੇ ਗੁਰਦੇ ਅਤੇ ਕਲੇਜੇ ਦੇ ਉੱਤੇ ਜਿਹੜੀ ਝਿੱਲੀ ਸੀ [20]ਅਤੇ ਉਨ੍ਹਾਂ ਨੇ ਛਾਤੀਆਂ ਦੇ ਉੱਤੇ ਚਰਬੀ ਧਰੀ ਅਤੇ ਉਸ ਨੇ ਜਗਵੇਦੀ ਦੇ ਉੱਤੇ ਚਰਬੀ ਨੂੰ ਸਾੜਿਆ [21]ਅਤੇ ਹਾਰੂਨ ਨੇ ਛਾਤੀਆਂ ਨੂੰ ਅਤੇ ਸੱਜੀ ਰਾਣ ਨੂੰ ਹਿਲਾਉਣ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ ਹਿਲਾਇਆ ਜਿਹੀ ਮੂਸਾ ਨੇ ਆਗਿਆ ਦਿੱਤੀ ਸੀ।**

ਇਸ ਤੋਂ ਬਾਅਦ ਹਾਰੂਨ ਨੇ ਇਸਰਾਏਲ ਦੀ ਮੰਡਲੀ ਤਰਫ਼ੋਂ ਸੁਖ ਸਾਂਦ ਦੀਆਂ ਭੇਟਾ ਚੜ੍ਹਾਈਆਂ।

**ਆਇਤ 18. ਸੁਖ ਸਾਂਦ ਦੀਆਂ ਭੇਟਾਂ** ਦੀ ਸ਼ੁਰੂਆਤ ਯਹੋਵਾਹ ਵੱਲੋਂ ਦੱਸੇ ਅਨੁਸਾਰ ਹਾਰੂਨ ਦੇ ਦੋ ਜਾਨਵਰਾਂ (ਇਕ **ਬਲਦ** ਅਤੇ ਇਕ **ਛੱਤ੍ਰਾ**) ਦੇ ਕੱਟਣ ਨਾਲ ਸ਼ੁਰੂ ਹੋਈ। ਇਹ ਰਸਮ **ਹਰੂਨ ਦੇ ਪੁੱਤਰਾਂ** ਵੱਲੋਂ ਜਾਨਵਰ ਦਾ **ਲਹੂ** ਉਸ ਨੂੰ ਦਿੱਤੇ ਜਾਣ ਨਾਲ ਅੱਗੇ ਚੱਲਦੀ ਹੈ। ਫਿਰ ਉਸ ਨੇ ਉਸ ਨੂੰ **ਜਗਵੇਦੀ ਦੇ ਉੱਤੇ ਚਫੇਰੇ ਛਿਣਕਿਆ।**

**ਆਇਤਾਂ 19-21.** ਹੋਮ ਬਲੀ ਦੀ ਕੁਰਬਾਨੀ ਵਾਂਗ ਜਾਨਵਰ ਦੇ ਚਰਬੀ **ਵਾਲੇ ਹਿੱਸੇ ਜਗਵੇਦੀ** ਉੱਤੇ ਅੱਗ ਨਾਲ ਸਾੜੇ ਗਏ (9: 19, 20)। ਪਰ **ਛਾਤੀਆਂ ਨੂੰ ਅਤੇ ਸੱਜੀ ਰਾਣ ਨੂੰ ਹਿਲਾਉਣ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ** ਦੇ ਦਿੱਤਾ ਗਿਆ (9:21)। ਇਹ ਯਾਜਕਾਂ ਦੇ ਹਿੱਸੇ ਸਨ; ਉਨ੍ਹਾਂ ਨੂੰ ਇਕ ਰਸਮ ਵਿਚ ''ਹਿਲਾਇਆ'' ਜਾਂ ਉੱਚਾ ਕੀਤਾ ਗਿਆ ਸੀ ਜੋ ਇਸ ਦਾ ਸੰਕੇਤ ਸੀ ਕਿ ਉਨ੍ਹਾਂ ਨੂੰ ਪਰਮੇਸ਼ੁਰ ਨੂੰ ਦਿੱਤਾ ਜਾ ਰਿਹਾ ਹੈ। ਭੇਟ ਤੋਂ ਬਾਅਦ, ਉਹ ਹਿੱਸੇ ਜਿਹੜੇ ਯਾਜਕਾਂ ਦੇ ਸਨ, ਉਨ੍ਹਾਂ ਨੂੰ ਯਾਜਕਾਂ ਵੱਲੋਂ ਖਾ ਲਿਆ ਗਿਆ।

ਸੁਖ ਸਾਂਦ ਦੀਆਂ ਭੇਟਾਂ ਪਰਮੇਸ਼ੁਰ ਨਾਲ ਸ਼ਾਂਤੀ ਅਤੇ ਮਨੁੱਖ ਵਿਚਕਾਰ ਸ਼ਾਂਤੀ ਦੇ ਜਸ਼ਨ ਅਤੇ ਇੱਛਾ ਲਈ ਸਨ ਇਸ ਕਰਕੇ ਸੁਖ ਸਾਂਦ ਦੀਆਂ ਭੇਟਾਂ ਪਰਮੇਸ਼ੁਰ ਨਾਲ ਇਸਰਾਏਲ ਦੀ ਸੰਗਤੀ ਅਤੇ ਇਸਰਾਏਲ ਦੇ ਲੋਕਾਂ ਇਕ ਦੂਜੇ ਨਾਲ ਸੰਗਤੀ ਉੱਤੇ ਜ਼ੋਰ ਦੇਣ ਲਈ ਸੀ। ਇਕ ਅਰਥ ਵਿਚ ਖ਼ੁਦਾ ਨੇ ਸੁਖ ਸਾਂਦ ਦੀ ਭੇਟ ਦਾ ਉਹ ਹਿੱਸਾ ''ਖਾਧਾ'' ਜਿਹੜਾ ਜਗਵੇਦੀ ਉੱਤੇ ਸਾੜਿਆ ਗਿਆ ਸੀ। ਬਾਕੀ ਦਾ ਪ੍ਰੀਤੀ ਭੋਜ ਵੱਲੋਂ ਲੋਕਾਂ ਵੱਲੋਂ ਖਾ ਲਿਆ ਗਿਆ (ਇੱਥੇ ਯਾਜਕਾਂ ਵੱਲੋਂ) ਜਿਸ ਵਿਚ ਇਸਰਾਏਲੀਆਂ ਦਾ ਮੰਨਣਾ ਸੀ ਕਿ ਖ਼ੁਦਾ ਨੇ ਵੀ ਸ਼ਿਰਕਤ ਕੀਤੀ।

ਇੱਥੇ ਯਾਜਕਾਂ ਨੂੰ ਹਾਲ ਹੀ ਵਿਚ ਮੁਕੰਮਲ ਹੋਏ ਡੇਰੇ ਵਿਚ ਦਿੱਤੀਆਂ ਗਈਆਂ ਭੇਟਾਂ ਦੇ ਪੂਰਾ ਹੋਣ ਤੇ ਅਧਿਕਾਰਿਕ ਤੌਰ ਤੇ ਥਾਪਿਆ ਗਿਆ ਸੀ। ਉਨ੍ਹਾਂ ਨੇ ਇਹ ਇਹ ਭੇਟਾਂ ਦਿੱਤੀਆਂ: ਇਕ ਪਾਪ ਦੀ ਭੇਟ, ਤਾਂ ਜੋ ਲੋਕਾਂ ਨੂੰ ਮਾਫ਼ ਕੀਤਾ ਜਾ ਸਕੇ; ਇਕ ਹੋਮ ਦੀ ਭੇਟ, ਸੱਚੇ ਦਿਲੋਂ ਯਹੋਵਾਹ ਦੇ ਅੱਗੇ ਆਪਣੇ ਆਪ ਨੂੰ ਅਰਪਣ ਕਰਨ ਨੂੰ ਵਿਖਾਉਣ ਲਈ; ਅਤੇ ਸੁਖ ਸਾਂਦ ਦੀਆਂ ਭੇਟਾਂ ਤਾਂ ਜੋ ਉਨ੍ਹਾਂ ਨੂੰ ਸ਼ਾਂਤੀ ਦੀ ਬਰਕਤ, ਭਾਵ ਤਰੰਦਰੁਸਤੀ ਅਤੇ ਖੁਸ਼ਹਾਲੀ ਮਿਲ ਸਕੇ।

## ਨਤੀਜੇ: ਯਹੋਵਾਹ ਵੱਲੋਂ ਬਰਕਤਾਂ (9:22-24)

**[22]ਅਤੇ ਹਾਰੂਨ ਨੇ ਲੋਕਾਂ ਦੀ ਵੱਲ ਆਪਣਾ ਹੱਥ ਪਸਾਰ ਕੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਪਾਪ ਦੀ ਭੇਟ ਅਤੇ ਹੋਮ ਦੀ ਭੇਟ ਅਤੇ ਸੁਖ ਸਾਂਦ ਦੀਆਂ ਭੇਟਾਂ ਦੇ ਚੜ੍ਹਾਉਣ ਤੋਂ ਹਿਠਾਂਹ ਆਇਆ [23]ਅਤੇ ਮੂਸਾ ਅਤੇ ਹਾਰੂਨ ਮੰਡਲੀ ਦੇ ਡੇਰੇ ਵਿੱਚ ਗਏ ਅਤੇ ਨਿੱਕਲ ਕੇ ਲੋਕਾਂ ਨੂੰ ਅਸੀਸ ਦਿੱਤੀ ਅਤੇ ਯਹੋਵਾਹ ਦੇ ਪਰਤਾਪ ਦਾ ਦਰਸ਼ਨ ਸਾਰੇ ਲੋਕਾਂ ਨੂੰ ਹੋਇਆ [24]ਅਤੇ ਯਹੋਵਾਹ ਦੇ ਅੱਗੋਂ ਇੱਕ ਅੱਗ ਨਿੱਕਲ ਕੇ ਉਸ ਹੋਮ ਦੀ ਭੇਟ ਅਤੇ ਚਰਬੀ ਨੂੰ ਜੋ ਜਗਵੇਦੀ ਉੱਤੇ ਸੀ ਭਸਮ ਕਰ ਸੁੱਟਿਆ, ਜਾਂ ਸਾਰੇ ਲੋਕਾਂ ਨੇ ਡਿੱਠਾ ਤਾਂ ਹਾਕਾਂ ਮਾਰ ਕੇ ਮੂੰਹ ਪਰਨੇ ਡਿੱਗੇ।**

ਆਇਤਾਂ 22 ਤੋਂ 24 ਨਾਲ ਥਾਪਣ ਦੀ ਪ੍ਰਕਿਰਿਆ ਦੇ ਅਠਵੇਂ ਦਿਨ ਦਾ ਵੇਰਵਾ ਸਮਾਪਤ ਹੁੰਦਾ ਹੈ। ਉਸ ਦਿਨ ਦਿੱਤੀਆਂ ਜਾਣ ਵਾਲੀਆਂ ਭੇਟਾਂ ਨਾਲ ਸਮਾਰੋਹ ਚਰਮ ਤੱਕ ਪੁੱਜ।

**ਆਇਤ 22.** ਨਵੇਂ ਨਵੇਂ ਪਵਿੱਤਰ ਠਹਿਰਾਏ ਪ੍ਰਧਾਨ ਯਾਜਕ **ਹਾਰੂਨ** ਨੇ ਮੰਡਲੀ ਨੂੰ ਅਸੀਸ ਦਿੱਤੀ।

ਕੁਰਬਾਨੀਆਂ ਦੇ ਦਿੱਤੇ ਜਾਣ ਤੋਂ ਬਾਅਦ, ਯਹੋਵਾਹ ਅੱਗੇ ਚੜ੍ਹਾਈਆਂ ਇਨ੍ਹਾਂ ਕੁਰਬਾਨੀਆਂ ਨਾਲ ਮਿਲੀਆਂ ਬਰਕਤਾਂ ਨੂੰ ਹਾਰੂਨ ਵੱਲੋਂ **ਲੋਕਾਂ ਦੀ ਵੱਲ ਆਪਣਾ ਹੱਥ ਪਸਾਰ ਕੇ ਉਨ੍ਹਾਂ ਨੂੰ ਅਸੀਸ** ਦੇ ਕੇ ਦੱਸਿਆ ਗਿਆ। ਬਾਈਬਲ ਵਿਚ ਅਜਿਹੀਆਂ ਬਰਕਤਾਂ ਦੇ ਮਗਰ ਵਿਚਾਰ ਇਹ ਨਹੀਂ ਹੈ ਕਿ ਅਸੀਸ ਪਾਉਣ ਵਾਲਿਆਂ ਨੂੰ ਆਤਮਿਕ ਜਾਂ ਸੰਸਕਾਰੀ ਦਾਨ ਸਿਰਫ਼ ਮਨੁੱਖਾਂ ਵੱਲੋਂ ਹੀ ਦਿੱਤੇ ਜਾ ਸਕਦੇ ਹਨ; ਬਲਕਿ ਇਹ ਹੈ ਕਿ ਕੋਈ ਖ਼ੁਦਾ ਨੂੰ ਲੋਕਾਂ ਨੂੰ ਬਰਕਤ ਦੇਣ ਆਖ ਰਿਹਾ ਸੀ। ਜੇਕਬ ਮਿਲਗ੍ਰੋਮ ਨੇ ਕਿਹਾ ਹੈ ਕਿ ''ਲੋਕਾਂ ਨੂੰ ਹਾਰੂਨ ਦੀ ਅਸੀਸ ਉਨ੍ਹਾਂ ਦੇ ਨਾਲ ਖ਼ੁਦਾ ਦੀ ਮੌਜੂਦਗੀ ਲਈ ਬੇਨਤੀ ਹੈ [ਵੇਖੋ ਕੂਚ 20:24; 1 ਰਾਜਿਆਂ 8:55–61]।''[8] ਪਰਮੇਸ਼ੁਰ ਦੇ ਥਾਪੇ ਹੋਏ ਪ੍ਰਧਾਨ ਯਾਜਕ ਦੇ ਰੂਪ ਵਿਚ ਆਪਣੀ ਭੂਮਿਕਾ ਕਰਕੇ ਅਤੇ ਖ਼ਾਸਕਰ ਆਪਣੇ ਸ਼ੁੱਧ ਕੀਤੇ ਜਾਣ ਦੀ ਅਵਸਥਾ ਕਰਕੇ, ਅਸੀਸ ਦੀ ਹਾਰੂਨ ਦੀ ਸਾਲਸੀ ਦੁਆ ਜ਼ਰੂਰ ਸੁਣੀ ਜਾਣੀ ਸੀ।

ਕੋਈ ਨਹੀਂ ਜਾਣਦਾ ਕਿ ਹਾਰੂਨ ਨੇ ਇਸ ਮੌਕੇ ਤੇ ਕੀ ਕਿਹਾ, ਪਰ ਇਹ ਹੋ ਸਕਦਾ ਹੈ ਕਿ ਉਸ ਦੇ ਸ਼ਬਦ ਗਿਣਤੀ 6:24–26 ਵਿਚਲੇ ਸ਼ਬਦਾਂ ਨਾਲ ਮਿਲਦੇ–ਜੁਲਦੇ ਹੋਣ: ''ਯਹੋਵਾਹ ਤੈਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ, ਯਹੋਵਾਹ ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ ਅਤੇ ਤੇਰੇ ਉੱਤੇ ਦਯਾ ਕਰੇ, ਯਹੋਵਾਹ ਆਪਣਾ ਮੁਖੜਾ ਤੇਰੀ ਵੱਲ ਫੇਰੇ ਅਤੇ ਤੈਨੂੰ ਸ਼ਾਂਤੀ ਦੇਵੇ।''

**ਆਇਤਾਂ 23, 24.** ਪਰਮੇਸ਼ੁਰ ਨੇ ਮੰਡਲੀ ਅੱਗੇ ਆਪਣੇ ਪ੍ਰਤਾਪ ਨੂੰ ਵਿਖਾ ਕੇ ਡੇਰੇ ਅਤੇ ਯਾਜਕਾਈ ਲਈ ਆਪਣੀ ਮੰਜ਼ੂਰੀ ਨੂੰ ਵਿਖਾ ਦਿੰਦਾ।

ਪਰਮੇਸ਼ੁਰ ਦੇ ਪ੍ਰਤਾਪ ਦੀ ਭੂਮਿਕਾ ਮੂਸਾ ਅਤੇ ਹਾਰੂਨ ਦੇ ਡੇਰੇ ਦੇ ਅੰਦਰ ਜਾਣ ਨਾਲ ਬੱਝ ਗਈ ਸੀ। ਇਹ ਵਿਰਤਾਂਤ ਹੋ ਸਕਦਾ ਹੈ ਕਿ ਇਹ ਸਮਝਾਉਣ ਲਈ ਸ਼ਾਮਿਲ ਕੀਤਾ ਗਿਆ ਹੋਵੇ ਕਿ ਹਾਰੂਨ ਨੇ ਸਚਮੁਚ ਵਿਚ ਪ੍ਰਧਾਨ ਯਾਜਕ ਦੇ ਅਹੁਦੇ ਦਾ ਕੰਮ ਸ਼ੁਰੂ ਕਰਤਾ ਸੀ। ਮੂਸਾ ਡੇਰੇ ਦੇ ਪੂਰਾ ਹੋ ਜਾਣ ਤੇ ਇਸ ਦੇ ਅੰਦਰ ਗਿਆ ਸੀ; ਉਹ ਪਵਿੱਤਰ ਕੀਤੇ ਜਾਣ ਦੀਆਂ ਕਾਰਵਾਹੀਆਂ ਦੌਰਾਨ ਯਾਜਕ ਦੇ ਰੂਪ ਵਿਚ ਕੰਮ ਕਰ ਰਿਹਾ ਸੀ। ਹਾਰੂਨ ਅਜੇ ਤੰਬੂ ਵਿਚ ਨਹੀਂ ਗਿਆ ਸੀ। ਉਸ ਤੰਬੂ ਵਿਚ ਉਸ ਨੇ ਪ੍ਰਧਾਨ ਯਾਜਕ ਦੇ ਰੂਪ ਵਿਚ ਸਭ ਤੋਂ ਅਹਿਮ ਕੰਮ ਕਰਨਾ ਸੀ। (ਇਸੇ ਤਰ੍ਹਾਂ, ਹੋਰਨਾਂ ਯਾਜਕਾਂ ਨੇ ਡੇਰੇ ਦੇ ਅੰਦਰ ਆਪਣੇ ਕੁਝ ਸਭ ਤੋਂ ਅਹਿਮ ਫ਼ਰਜ਼ ਨਿਭਾਉਣੇ ਸਨ।) ਇਸ ਕਰਕੇ ਉਸ ਦੀ ਜਾਣਪਛਾਣ ਇਸ ਦੇ ਅੰਦਰਲੇ ਹਿੱਸੇ ਨਾਲ ਕਰਾਉਣੀ ਜ਼ਰੂਰੀ ਸੀ; ਅਤੇ ਮੰਡਲੀ ਨੂੰ ਇਸ ਤੱਥ ਦਾ ਗਵਾਹ ਹੋਣਾ ਜ਼ਰੂਰੀ ਸੀ ਕਿ ਉਹਨੂੰ (ਅਤੇ ਉਸ ਦੇ ਪੁੱਤਰਾਂ ਨੂੰ) ਉਸ ਇਮਾਰਤ ਦੇ ਅੰਦਰ ਜਾਣ ਦਾ ਹੱਕ ਹੈ। ਨਤੀਜੇ ਵਜੋਂ **ਮੂਸਾ ਅਤੇ ਹਾਰੂਨ ਮੰਡਲੀ ਦੇ ਡੇਰੇ ਵਿੱਚ ਗਏ।**

ਇਸ ਬਾਰੇ ਕੁਝ ਨਹੀਂ ਕਿਹਾ ਗਿਆ ਕਿ ਮੂਸਾ ਅਤੇ ਹਾਰੂਨ ਤੰਬੂ ਦੇ ਅੰਦਰ ਕਿੰਨੀ ਦੇਰ ਤਕ ਰਹੇ। ਕਈਆਂ ਨੇ ਇਹ ਕਿਆਸ ਲਾਇਆ ਹੈ ਕਿ ਉਨ੍ਹਾਂ ਦੇ ਉੱਥੇ ਰਹਿਣ ਦੌਰਾਨ (ਮੂਸਾ ਅਤੇ ਨਬੀ ਅਤੇ ਸ਼ਰ੍ਹਾ ਦਾ ਦੇਣ ਵਾਲਾ ਅਤੇ ਖ਼ੁਦਾ ਦਾ ਨੁਮਾਇੰਦਾ) ਨੇ ਹਾਰੂਨ ਨੂੰ ਹੋਰ ਦੱਸਿਆ ਕਿ ਖ਼ੁਦਾ ਡੇਰੇ ਦੇ ਸਬੰਧ ਵਿਚ ਉਸ ਤੋਂ ਅਤੇ ਹੋਰਨਾਂ ਯਾਜਕਾਂ ਤੋਂ ਕੀ ਉਮੀਦ ਕਰਦਾ ਸੀ। ਇਕ ਹੋਰ ਸੰਭਾਵਨਾ ਇਹ ਹੈ ਕਿ ਉਨ੍ਹਾਂ ਨੇ ਤੰਬੂ ਦੇ ਅੰਦਰ ਯਹੋਵਾਹ ਦੇ ਨਾਲ ਸੰਗਤੀ ਅਤੇ ਬੰਦਗੀ ਕਰਦਿਆਂ ਇਕੱਠਾ ਸਮਾਂ ਬਿਤਾਇਆ।

ਦੋਹਾਂ ਆਗੂਆਂ ਨੇ ਬਾਹਰ ਆਣ ਕੇ **ਲੋਕਾਂ ਨੂੰ ਅਸੀਸ ਦਿੱਤੀ**। ਇਸ ਸਾਂਝੀ ਅਸੀਸ ਦੇ ਰਾਹੀਂ ਇਸਰਾਏਲੀਆਂ ਉੱਤੇ ਇਹ ਅਸਰ ਪਿਆ ਹੋਵੇਗਾ ਕਿ ਯਾਜਕਾਈ ਦੇ ਕਾਰਜਾਂ ਵਿਚ ਬਦਲਾਅ ਜਿਹਾ ਉਹ ਵੇਖ ਰਹੇ ਸਨ ਨਾਲ ਨਿੱਜੀ ਰੰਜਿਸ਼ ਜਾਂ ਕੋਈ ਸਵਾਰਥੀ ਮਨੋਰਥ ਨਹੀਂ ਸੀ। ਹਾਰੂਨ ਨੇ ਜ਼ਬਰਦਸਤੀ ਜਾਂ ਚੋਰੀ ਚੋਰੀ, ਯਾਜਕ ਦੇ ਰੂਪ ਵਿਚ ਕੰਮ ਕਰਨ ਦਾ ਹੱਕ ਮੂਸਾ ਤੋਂ ਚੁਰਾਇਆ ਨਹੀਂ ਸੀ। ਇਸ ਦੇ ਉਲਟ ਦੋਵੇਂ ਭਰਾ ਯਾਜਕਾਈ ਵਿਚ ਇਸ ਬਦਲਾਅ ਵਿਚ ਇਕੱਠੇ ਸਨ; ਅਤੇ ਉਨ੍ਹਾਂ ਨੇ ਮੰਡਲੀ ਨੂੰ ਇਕੱਠਿਆਂ ਅਸੀਸ ਦੇ ਕੇ ਆਪਣੀ ਏਕਤਾ ਨੂੰ ਵਿਖਾਇਆ।

ਇਸ ਮੌਕੇ ਤੇ, ਵਾਅਦੇ ਮੁਤਾਬਕ **ਯਹੋਵਾਹ ਦੇ ਪਰਤਾਪ ਦਾ ਦਰਸ਼ਨ** ਸਾਰੇ ਲੋਕਾਂ ਨੂੰ ਹੋਇਆ। 9:4, 6 ਵਿਚ ਉਸ ਨੇ ਕਿਹਾ ਸੀ ਕਿ ਜੇ ਲੋਕ ਉਹ ਕੁਰਬਾਨੀਆਂ ਦੇਣ ਜੋ ਉਸ ਨੇ ਆਖੀਆਂ ਸਨ ਤਾਂ ਉਸ ਨੇ ਉਨ੍ਹਾਂ ਨੂੰ ''ਦਰਸ਼ਨ'' ਦੇਣਾ ਸੀ। ''ਯਹੋਵਾਹ ਦੇ ਪਰਤਾਪ ਦਾ ਦਰਸ਼ਨ'' ਨਾ ਕਿ ''ਯਹੋਵਾਹ ਨੇ ਦਰਸ਼ਨ ਦਿੱਤਾ'' ਕਹਿਣ ਵਿਚ ਲੇਖਕ ਚੌਕਸ ਲਗਦਾ ਹੈ। ਇਹ ਵੇਰਵਾ ਪੁਰਾਣੇ ਨੇਮ ਵਿਚਲੇ ਇਸ ਵਿਚਾਰ ਨਾਲ ਮੇਲ ਖਾਂਦਾ ਹੈ ਕਿ ਮਨੁੱਖੀ ਅੱਖਾਂ ਨਾਲ ਪਰਮੇਸ਼ੁਰ ਨੂੰ ਵੇਖਿਆ ਨਹੀਂ ਜਾ ਸਕਦਾ (ਅਤੇ ਨਾ ਵੇਖਿਆ ਜਾਵੇ) (ਵੇਖੋ ਕੂਚ 33:20)। ''ਯਹੋਵਾਹ ਦਾ ਪਰਤਾਪ'' ਬੱਦਲ ਅਤੇ ਅੱਗ ਵਰਗਾ ਕੁਝ ਹੋ ਸਕਦਾ ਹੈ ਜਿਸ ਦੇ ਰਾਹੀਂ ਪਰਮੇਸ਼ੁਰ ਨੇ ਲੋਕਾਂ ਉੱਤੇ ਆਪਣੇ ਆਪ ਨੂੰ ਪਹਿਲਾਂ ਪਰਗਟ ਕੀਤਾ ਸੀ (ਵੇਖੋ ਕੂਚ 13:21; 16:10; 40:34)। ''ਯਹੋਵਾਹ ਦੇ ਪਰਤਾਪ'' ਦੇ ਦਰਸ਼ਨ ਦੇ ਇਕਦਮ ਬਾਅਦ ਜਾਂ ਇਸ ਦੇ ਨਾਲ ਹੀ, ਅਕਾਸ਼ ਤੋਂ **ਅੱਗ** ਆਈ ਜਿਸ ਨੇ **ਜਗਵੇਦੀ ਉੱਤੇ** ਦੀਆਂ ਕੁਰਬਾਨੀਆਂ ਨੂੰ **ਭਸਮ ਕਰ ਸੁੱਟਿਆ**।[9]

ਇਹ ਘਟਨਾ ਪਾਠਕ ਨੂੰ ਹੋਰਨਾਂ ਮੌਕਿਆਂ ਦੀ ਯਾਦ ਦੁਆਉਂਦਾ ਹੈ ਅਤੇ ਇਸ ਨੂੰ ਵੇਖਣ ਵਾਲਿਆਂ ਨੂੰ ਯਾਦ ਰੱਖਣ ਲਈ ਦਿੱਤੀ ਗਈ ਸੀ। ਇਸਰਾਏਲੀ ਬੇਸ਼ੱਕ ਇਸ ਤੱਥ ਨਾਲ ਭੈਭੀਤ ਸਨ ਕਿ ਪਰਮੇਸ਼ੁਰ ਜਿਸ ਨੇ ਸੀਨੈ ਪਹਾੜ ਉੱਤੇ ਆਪਣੀ ਸ਼ਕਤੀ ਅਤੇ ਤਾਕਤ ਨੂੰ ਵਿਖਾਇਆ ਸੀ, ਅਤੇ ਜਿਸ ਨੇ ਡੇਰੇ ਦੇ ਮੁਕੰਮਲ ਹੋਣ ਤੇ ਉਸ ਉੱਤੇ ਆਪਣੇ ਪ੍ਰਤਾਪ ਨੂੰ ਚਮਕਾਇਆ ਸੀ (ਕੂਚ 40:34), ਹੁਣ ਪਵਿੱਤਰ ਕੀਤੀ ਹੋਈ ਯਾਜਕਾਈ ਅਤੇ ਡੇਰੇ ਨੂੰ ਇਲਾਹੀ ਮੰਜ਼ੂਰੀ ਦੇ ਰਿਹਾ ਸੀ।[10]

ਇਸ ਮੌਕੇ ਤੇ ਆਪਣੇ ਪ੍ਰਤਾਪ ਨੂੰ ਵਿਖਾਉਣ ਦਾ ਖ਼ੁਦਾ ਦਾ ਕੀ ਮਕਸਦ ਸੀ? ਆਰ. ਕੇ ਹੈਰਿਸਨ ਨੇ ਵਿਚਾਰ ਕੀਤਾ ਕਿ ਪਰਮੇਸ਼ੁਰ ਦੀ ਹਜ਼ੂਰੀ ਨਾਲ ''ਹੁਣੇ ਹੁਣੇ ਮੁਕੰਮਲ ਹੋਏ ਪਵਿੱਤਰ ਕੀਤੇ ਜਾਣ ਦੇ ਸਮਾਰੋਹਾਂ ਉੱਤੇ ਮੰਜ਼ੂਰੀ ਦੀ ਨਜ਼ਰ ਆਉਣ ਵਾਲੀ ਮੋਹਰ'' ਜੋੜ ਦਿੱਤੀ।[11] ਕਲਾਈਡ ਐੱਮ. ਵੂਡਸ ਨੇ ਇਸ ਵਿਚ ਯਹੋਵਾਹ ਦੀ ਪਰਵਾਨਗੀ ਨੂੰ ਵੇਖਿਆ: ''ਇਸ ਤਾਕਤ ਦੇ ਵਿਖਾਉਣ ਨਾਲ ਯਹੋਵਾਹ ਨੇ ਇਸਰਾਏਲੀਆਂ ਨੂੰ ਸਾਫ਼–ਸਾਫ਼ ਉਨ੍ਹਾਂ ਕੁਰਬਾਨੀਆਂ ਅਤੇ ਯਾਜਕਾਈ ਦੀ ਆਪਣੀ ਮੰਜ਼ੂਰੀ ਨੂੰ ਵਿਖਾ ਦਿੱਤਾ ਜਿਨ੍ਹਾਂ ਦੀ ਸੇਵਾ ਕੁਰਬਾਨੀਆਂ ਦੇਣ ਨਾਲ ਸ਼ੁਰੂ ਹੋਈ ਸੀ।''[12]

ਪਰਮੇਸ਼ੁਰ ਦੀ ਹਜ਼ੂਰੀ ਦੇ ਜ਼ਬਰਦਸਤ ਮੁਜ਼ਾਹਰੇ ਨੂੰ ਵੇਖ ਕੇ **ਲੋਕਾਂ ਨੇ** ਚੀਕਾਂ ਮਾਰਦਿਆਂ ਅਤੇ ਜ਼ਮੀਨ ਉੱਤੇ ਸਜਦਾ ਕਰਦਿਆਂ ਜਵਾਬ ਦਿੱਤਾ। ਇਹ ਜਾਣ ਕੇ ਕਿ ਖ਼ੁਦਾ ਉਸ ਨੂੰ ਜਾਣਦਾ ਹੈ ਅਤੇ ਉਸ ਨੇ ਉਨ੍ਹਾਂ ਉੱਤੇ ਆਪਣਾ ਪ੍ਰਤਾਪ ਵਿਖਾ ਕੇ ਉਨ੍ਹਾਂ ਦਾ ਪੱਖ ਲਿਆ ਹੈ, ਉਨ੍ਹਾਂ ਦੀ ਪ੍ਰਤੀਕ੍ਰਿਆ ਵਿਚ ਖੁਸ਼ੀ ਦਾ ਇਜ਼ਹਾਰ ਸੀ। ਇਸ ਵਿਚ ਡਰ ਅਤੇ ਖ਼ੌਫ਼ ਵੀ ਸੀ ਕਿਉਂ ਜੋ ਭਸਮ ਕਰਨ ਵਾਲੀ ਅੱਗ ਪਰਮੇਸ਼ੁਰ ਉਨ੍ਹਾਂ ਦੇ ਵਿਚਕਾਰ ਸੀ (ਵੇਖੋ ਕੂਚ 24:17; ਬਿਵਸਥਾ ਸਾਰ 4:24; 9:3; ਇਬਰਾਨੀਆਂ

12:29)। ਜ਼ਾਹਿਰ ਹੈ ਕਿ ਉਹ ਜਿਸ ਨੂੰ ਚਾਹੇ ਅਤੇ ਜਦੋਂ ਚਾਹੇ ਨਸ਼ਟ ਕਰ ਸਕਦਾ ਸੀ। ਇਸ ਕਰਕੇ ਉਹ **ਹਾਕਾਂ ਮਾਰ** ਰਹੇ ਸਨ, ਸੰਭਵ ਤੌਰ ਤੇ ਖੁਸ਼ੀ ਨਾਲ ਅਤੇ ਡਰ ਅਤੇ ਖ਼ੌਫ਼ ਨਾਲ ਮੂੰਹ ਪਰਨੇ ਡਿੱਗੇ ਕਿਉਂ ਜੋ ਉਹ ਸਾਰੀ ਧਰਤੀ ਦੇ ਪਰਮੇਸ਼ੁਰ ਦੀ ਹਜ਼ੂਰੀ ਵਿਚ ਸਨ।

## ਪ੍ਰਾਸੰਗਿਕਤਾ

**ਦੂਜਿਆਂ ਨੂੰ ਅਸੀਸ ਦੇਣਾ (ਅਧਿਆਇ 9)**

ਲੇਵੀਆਂ 9 ਵਿਚ, ਹਾਰੂਨ ਨੇ, ਅਤੇ ਬਾਅਦ ਵਿਚ ਹਾਰੂਨ ਅਤੇ ਮੂਸਾ ਨੇ ਪਰਮੇਸ਼ੁਰ ਦੇ ਲੋਕਾਂ ਨੂੰ ਅਸੀਸ ਦਿੱਤੀ। ਇਨ੍ਹਾਂ ਅਸੀਸਾਂ ਵਿਚ ਸਾਫ਼ ਤੌਰ ਤੇ ਪਰਮੇਸ਼ੁਰ ਨੂੰ ਇਸਰਾਏਲੀਆਂ ਉੱਤੇ ਮਿਹਰ ਕਰਨ, ਉਨ੍ਹਾਂ ਉੱਤੇ ਆਪਣੀ ਮਿਹਰ ਦਾ ਹੱਥ ਰੱਖਣ ਲਈ ਕਿਹਾ ਗਿਆ। ਹਾਰੂਨ ਪਰਮੇਸ਼ੁਰ ਦਾ ਚੁਣਿਆ ਹੋਇਆ ਅਤੇ ਪਵਿੱਤਰ ਕੀਤਾ ਹੋਇਆ ਮਹਾ ਯਾਜਕ ਸੀ, ਇਸ ਕਰਕੇ ਲੋਕ ਇਹ ਮੰਨ ਸਕਦੇ ਸਨ ਕਿ ਉਨ੍ਹਾਂ ਲਈ ਉਸ ਦੀ ਸਿਫ਼ਾਰਸ਼ੀ ਦੁਆ ਅਸਰਦਾਇਕ ਸੀ।

ਸ਼ਰ੍ਹਾ ਦੇ ਤਹਿਤ ਯਾਜਕਾਂ ਨੂੰ ਲੋਕਾਂ ਨੂੰ ਅਸੀਸ ਦੇਣ ਦਾ ਖ਼ਾਸ ਇਖ਼ਤਿਆਰ ਅਤੇ ਜ਼ਿੰਮੇਵਾਰੀ ਦਿੱਤੀ ਗਈ ਸੀ (ਗਿਣਤੀ 6:22–27)। ਇਸ ਮਸੀਹੀ ਯੁੱਗ ਵਿਚ, ਹਰ ਮਸੀਹੀ ਯਾਜਕ ਹੈ, ਇਸ ਕਰਕੇ ਹਰ ਕਿਸੇ ਨੂੰ ਦੂਜਿਆਂ ਨੂੰ ਅਸੀਸ ਦੇਣ ਦਾ ਇਖ਼ਤਿਆਰ ਹੈ। ਭਾਵ ਅਸੀਂ ਸਭ ਪਰਮੇਸ਼ੁਰ ਅੱਗੇ ਦੂਜਿਆਂ ਨੂੰ ਉਨ੍ਹਾਂ ਦੀ ਰਾਖੀ ਕਰਕੇ, ਉਨ੍ਹਾਂ ਨੂੰ ਸੁਰੱਖਿਅਤ ਰੱਖ ਕੇ, ਅਤੇ ਉਨ੍ਹਾਂ ਨੂੰ ਖੁਸ਼ਹਾਲੀ ਦੇ ਕੇ ਬਰਕਤ ਦੇਣ ਲਈ ਦੁਆ ਕਰ ਸਕਦੇ ਹਾਂ। ''ਖ਼ੁਦਾ ਤੈਨੂੰ ਬਰਕਤ ਦੇਵੇ'' ਸ਼ਬਦ ਨਵੇਂ ਨੇਮ ਵਿਚ ਨਹੀਂ ਮਿਲਦੇ, ਪਰ ਮਸੀਹੀ ਲੋਕਾਂ ਵੱਲੋਂ ਖ਼ੁਦਾ ਨੂੰ ਦੂਜਿਆਂ ਨੂੰ ਬਰਕਤ ਦੇਣ ਲਈ ਕਹਿਣ ਵਿਚ ਕੋਈ ਹਰਜ਼ ਨਹੀਂ ਹੈ।

ਦੂਜਿਆਂ ਨੂੰ ਸਿਰਫ਼ ''ਖ਼ੁਦਾ ਤੈਨੂੰ ਬਰਕਤ ਦੇਵੇ'' ਕਹਿਣ ਨਾਲੋਂ ਵੀ ਵਧੀਆ ਗੱਲ ਆਪਣੀ ਜ਼ਿੰਦਗੀ ਦੇ ਤੌਰ ਤਰੀਕੇ ਨਾਲ ਦੂਜਿਆਂ ਨੂੰ ਬਰਕਤ ਦੇਣ ਦੀ ਆਪਣੀ ਪੂਰੀ ਕੋਸ਼ਿਸ਼ ਕਰਨਾ ਹੈ। ਜਦ ਖ਼ੁਦਾ ਨੇ ਅਬਰਾਹਾਮ ਨੂੰ ਪਹਿਲੀ ਵਾਰ ਸੱਦਿਆ ਤਾਂ ਉਸ ਨੇ ਉਸ ਨੂੰ ਆਖਿਆ, ''ਮੈਂ ਤੈਨੂੰ ਇਕ ਵੱਡੀ ਕੌਮ ਬਣਾਵਾਂਗਾ ਅਰ ਮੈਂ ਤੈਨੂੰ ਅਸੀਸ ਦਿਆਂਗਾ ਅਰ ਮੈਂ ਤੇਰਾ ਨਾਉਂ ਵੱਡਾ ਕਰਾਂਗਾ ਅਰ ਤੂੰ ਬਰਕਤ ਦਾ ਕਾਰਣ ਹੋ'' (ਉਤਪਤ 12:2)। ਅਬਰਾਹਾਮ ਨੂੰ ਬਰਕਤ ਮਿਲਣੀ ਸੀ, ਪਰ ਉਸ ਨੇ ਵੀ ਬਰਕਤ ਬਣਨਾ ਸੀ। ਉਸ ਨੂੰ ਦੂਜਿਆਂ ਨੂੰ ਬਰਕਤ ਦੇਣ ਲਈ ਬਰਕਤ ਮਿਲੀ ਸੀ। ਇਸੇ ਤਰ੍ਹਾਂ ਨਾਲ ਇਸਰਾਏਲ ਕੌਮ ਨੂੰ ਖ਼ੁਦਾ ਵੱਲੋਂ ਸਭ ਕੌਮਾਂ ਲਈ ਬਰਕਤ ਬਣਨ ਲਈ ਅਸੀਸ ਦਿੱਤੀ ਗਈ ਸੀ। ਇਹ ਇਕ ਅਜਿਹੀ ਹਕੀਕਤ ਹੈ ਜਿਸ ਨੂੰ ਅਸੀਂ ਆਮ ਤੌਰ ਤੇ ਭੁੱਲ ਜਾਂਦੇ ਹਾਂ।

ਮਸੀਹੀ ਲੋਕਾਂ ਦੇ ਰੂਪ ਵਿਚ ਸਾਨੂੰ ਦੂਜਿਆਂ ਲਈ ਅਸੀਸ ਬਣਨ ਲਈ ਅਸੀਸ ਮਿਲੀ ਹੈ। ਮਸੀਹ ਦਾ ਪੈਰੋਕਾਰ ਉਸ ਮਕਸਦ ਨੂੰ ਮਸੀਹੀ ਜ਼ਿੰਦਗੀ ਵਫ਼ਾਦਾਰੀ ਨਾਲ ਜੀ ਕੇ, ਇਕ ਚੰਗਾ ਸ਼ਹਿਰੀ ਬਣ ਕੇ, ਇਕ ਚੰਗਾ ਨਿਯੋਕਤਾ ਜਾਂ ਕਰਮਚਾਰੀ ਬਣ ਕੇ, ਪਰਿਵਾਰ ਦਾ ਇਕ ਚੰਗਾ ਮੈਂਬਰ ਬਣ ਕੇ ਅਤੇ ਕਲੀਸੀਆ ਦਾ ਉਪਜਾਊ ਮੈਂਬਰ ਬਣ ਕੇ ਇਸ ਮਕਸਦ ਨੂੰ ਹਾਸਿਲ ਕਰ ਸਕਦਾ ਹੈ। ਸਾਨੂੰ ਉਦਾਰ ਰਹਿਮਦਿਲ, ਸਾਊ, ਦਿਆਲ, ਹਸਮੁੱਖ, ਪ੍ਰੇਮੀ ਅਤੇ ਧਰਮੀ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹੀ ਜ਼ਿੰਦਗੀ ਜੀ ਕੇ ਅਸੀਂ ਸੰਸਾਰ ਲਈ ਵੱਡੀਆਂ ਬਰਕਤਾਂ ਦਾ ਕਾਰਣ ਬਣ ਸਕਦੇ ਹਾਂ!

ਇਹ ਕਹਿਣਾ ਅਸਾਨ ਹੈ, ''ਖ਼ੁਦਾ ਤੈਨੂੰ ਬਰਕਤ ਦਵੇ।'' ਇਸ ਤਰ੍ਹਾਂ ਨਾਲ ਜੀਣਾ ਜਿਸ ਨਾਲ ਲੋਕਾਂ ਨੂੰ ਪਤਾ ਲੱਗੇ ਕਿ ਉਨ੍ਹਾਂ ਨੂੰ ਤੁਹਾਡੀ ਮੌਜੂਦਗੀ ਤੋਂ ਬਰਕਤ ਮਿਲੀ ਹੈ, ਬਹੁਤਾ ਮੁਸ਼ਕਿਲ ਹੈ।

ਟਿੱਪਣੀਆਂ

[1]ਕੂਚ 29:35–37 ਵਿਚ ਇਸ ਨਾਲ ਸਬੰਧਿਤ ਵਿਰਤਾਂਤ ਵੇਖੋ। [2]ਇਸ ਸਬੰਧ ਵਿਚ ਇਸ ਨੂੰ ਸ਼ਿਪ (ਸਮੁੰਦਰੀ ਜਹਾਜ਼) ਦੇ ਰਵਾਨਾ ਕਰਨ ਭਾਵ ਲਾਂਚ ਕਰਨ, ਦੁਕਾਨ ਖੋਲ੍ਹਣ, ਪਾਰਲੀਆਮੈਂਟ ਜਾਂ ਸੰਸਦ ਦੇ ਪਹਿਲੇ ਇਜਲਾਸ ਦੀਆਂ ਆਧੁਨਿਕ ਘਟਨਾਵਾਂ ਨਾਲ ਮਿਲਾਇਆ ਜਾ ਸਕਦਾ ਹੈ। [3]ਸ਼ਰ੍ਹਾ ਵਿਚ ਇਹ ਸਾਫ਼ ਨਹੀਂ ਕਿਹਾ ਗਿਆ ਸੀ ਕਿ ਹੋਮ ਦੀ ਬਲੀ ਵਿਚ ਕੀ ਲਿਆਂਦਾ ਜਾਵੇ, ਸਿਵਾਇ ਇਹ ਕਹਿਣ ਦੇ ਕਿ ਜੇ ਜਾਨਵਰ ''ਇੱਜੜ ਵਿੱਚੋਂ'' ਹੋਵੇ ਤਾਂ ਇਹ ਨਰ ਹੋਣਾ ਜ਼ਰੂਰੀ ਹੈ (1:10)। ਛੱਤ੍ਰਾ ਬੇਸ਼ੱਕ ਇਸ ਸ਼ਰਤ ਨੂੰ ਪੂਰਾ ਕਰਦਾ ਸੀ। [4]ਆਰ. ਕੇ. ਹੈਰਿਸਨ ਨੇ ਦੱਸਿਆ ਹੈ ਕਿ ''ਆਇਤਾਂ 2 ਅਤੇ 3 ਸਿਰਫ਼ ਕੁਰਬਾਨੀ ਦਿੱਤੇ ਜਾਣ ਦੀਆਂ ਘਟਨਾਵਾਂ ਹੀ ਹਨ ਜਿੱਥੇ ਕੁਰਬਾਨੀ ਲਈ ਵੱਛੇ ਦਾ ਦਿੱਤਾ ਜਾਣਾ ਦੱਸਿਆ ਗਿਆ ਹੈ'' (ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ [ਡਾਉਨਰਜ਼ ਗ੍ਰੋਵ, ਇਲਿਨੋਇਸ: ਇੰਟਰ–ਵਰਸਿਟੀ ਪ੍ਰੈੱਸ, 1980], 104)। [5]ਇੱਥੇ, ਇਸ ਅਧਿਆਇ ਵਿਚ ਮੰਨੀ ਗਈ ਰਸਮ ਪ੍ਰਧਾਨ ਯਾਜਕ ਲਈ ਪਾਪ ਦੀ ਭੇਟ ਨਾਲ ਸਬੰਧਿਤ ਲੇਵੀਆਂ 4 ਵਿਚ ਦਿੱਤੀਆਂ ਗਈਆਂ ਹਦਾਇਤਾਂ ਨਾਲੋਂ ਫ਼ਰਕ ਸੀ। ਉੱਥੇ ਪ੍ਰਧਾਨ ਯਾਜਕ ਨੂੰ ਡੇਰੇ ਵਿਚ (ਤੰਬੂ ਦੇ ਅੰਦਰ) ਕੁਝ ਲਹੂ ਲਿਜਾ ਕੇ ਇਸ ਨੂੰ ''ਪਵਿੱਤਰ ਅਸਥਾਨ ਦੇ ਪੜਦੇ ਦੇ ਮੋਹਰੇ ਯਹੋਵਾਹ ਦੇ ਅੱਗੇ'' ਛਿੜਕਣਾ ਹੁੰਦਾ ਸੀ (4:5, 6); ਇਸ ਘਟਨਾ ਵਿਚ ਉਹ ਡੇਰੇ ਦੇ ਅੰਦਰ ਨਹੀਂ ਵੜਦਾ ਸੀ, ਬਲਕਿ ਸਿਰਫ਼ ਜਗਵੇਦੀ ਉੱਤੇ ਜਿਹੜੀ ਤੰਬੂ ਦੇ ਬਾਹਰ ਸੀ, ਲਹੂ ਲਾਉਂਦਾ ਸੀ। ਇਸ ਮੌਕੇ ਤੇ ਪ੍ਰਧਾਨ ਯਾਜਕ ਤੰਬੂ ਦੇ ਅੰਦਰ ਕਿਉਂ ਨਹੀਂ ਸੀ ਜਾਂਦਾ? ਹੋ ਸਕਦਾ ਹੈ ਕਿ ਉਹ ਇਸ ਦਿਨ ਕੁਰਬਾਨੀਆਂ ਦੇ ਪੂਰਾ ਹੋਣ ਤਕ ਪਵਿੱਤਰ ਅਸਥਾਨ ਦੇ ਅੰਦਰ ਨਾ ਜਾ ਸਕਦਾ ਹੋਵੇ। ਉਦੋਂ, ਹਾਰੂਨ ਮੂਸਾ ਦੇ ਨਾਲ ਤੰਬੂ ਦੇ ਅੰਦਰ ਗਿਆ (9:23)। [6]ਜੌਨ ਈ. ਹਾਰਟਲੇ, *ਲੇਵੀਆਂ ਦੀ ਪੋਥੀ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 4 (ਡੱਲਾਸ: ਵਰਡ ਬੁਕਸ, 1992), 123. [7]ਇਸ ਸੰਭਾਵਨਾ ਨੂੰ ਸਮਝਾਉਣ ਦੇ ਬਾਅਦ, ਬਾਰੂਕ ਏ. ਲੇਵਾਈਨ ਨੇ ਲਿਖਿਆ ਕਿ ''ਇਸ ਘਟਨਾ ਵਿਚ *'olat- ha-boker* [ਇਬਰਾਨੀ ਵਾਕ ਅੰਸ਼ ਜਿਸ ਦਾ ਅਨੁਵਾਦ 'ਸਵੇਰ ਦੀ ਹੋਮ ਬਲੀ' ਕੀਤਾ ਗਿਆ] ਦੇ ਕਿਸੇ ਹੋਰ ਅਰਥ ਨੂੰ ਲੈਣਾ, ਜਿਹੜਾ ਕਿਸੇ ਹੋਰ ਥਾਂ ਇਸ ਦੇ ਅਰਥ ਨਾਲੋਂ ਫ਼ਰਕ ਹੋਵੇ, ਸਵਾਲ ਖੜਾ ਕਰਨ ਵਾਲਾ ਹੋਣਾ ਸੀ'' (ਬਾਰੂਕ ਏ. ਲੇਵਾਈਨ, *ਲੇਵੀਆਂ ਦੀ ਪੋਥੀ*, ਦ ਜੇਪੀਐੱਸ ਟੋਰਾਹ ਕਮੈਂਟਰੀ [ਫ਼ਿਲਾਡੈਲਫ਼ੀਆ: ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 1989], 57)। ਇਕ ਹੋਰ ਵਿਚਾਰ ਇਹ ਹੈ ਕਿ ਇਹ ਵਾਕ ਅੰਸ਼ ਇਹ ਸਮਝਾਉਣ ਲਈ ਕਿ ਇਸ ਮੌਕੇ ਦਿੱਤੀ ਜਾਣ ਵਾਲੀ ਭੇਟ ਸਵੇਰ ਦੀਆਂ ਕੁਰਬਾਨੀਆਂ ਵਰਗੀ ਹੀ ਸੀ, ਜਿਨ੍ਹਾਂ ਤੋਂ ਬਾਅਦ ਵਿਚ ਪਾਠਕ ਵਾਕਫ਼ ਸਨ, ਬਾਅਦ ਦੇ ਕਿਸੇ ਸੰਪਾਦਕ ਵੱਲੋਂ ਜੋੜਿਆ ਗਿਆ ''ਕਾਲ ਦੋਸ਼'' ਹੋ ਸਕਦਾ ਹੈ। (*ਦ ਜੇਰੋਮ ਬਿਬਲੀਕਲ ਕਮੈਂਟਰੀ*, ਜਿਲਦ 1, *ਦ ਓਲਡ ਟੈਸਟਾਮੈਂਟ*, ਸੰਪਾ. ਰੇਮੰਡ ਈ. ਬ੍ਰਾਊਨ, ਜੋਜ਼ਫ਼ ਏ. ਫਿਜ਼ਮਾਇਰ, ਐਂਡ ਰੋਲੈਂਡ ਈ. ਮਰਫੀ [ਐਂਗਲਵੁਡ ਕਲਿਫ਼ਜ਼, ਨਿਊ ਜਰਸੀ: ਪ੍ਰੈਂਟਿਸ–ਹਾਲ, 1968], 73 ਵਿਚ ਰੋਲੈਂਡ ਜੇ. ਫੈਲੀ, ''ਲੇਵੀਆਂ ਦੀ ਪੋਥੀ।'') [8]*ਦ ਇੰਟਰਪ੍ਰੇਟਰ'ਜ਼ ਵਨ–ਵੌਲਿਊਮ ਕਮੈਂਟਰੀ ਆਨ ਦ ਬਾਈਬਲ*, ਸੰਪਾ. ਚਾਰਲਸ ਐੱਮ. ਲੇਅਮਨ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971), 74 ਵਿਚ ਜੇਕਬ ਮਿਲਗ੍ਰੋਮ, ''ਦ ਬੁਕ ਆਫ਼ ਲੇਵੀਆਂ ਦੀ ਪੋਥੀ।'' [9]ਕੋਈ ਸਵਾਲ ਕਰ ਸਕਦਾ ਹੈ ਕਿ ਜੇ ਕੁਰਬਾਨੀਆਂ ਪਹਿਲਾਂ ਹੀ ਦੇ ਦਿੱਤੀਆਂ ਜਾ ਚੁੱਕੀਆਂ ਸਨ, ਤਾਂ ਉਨ੍ਹਾਂ ਕੁਰਬਾਨੀਆਂ ਦੇ ਇਸ ਚਮਤਕਾਰੀ ਅੱਗ ਨਾਲ ਸਾੜੇ ਜਾਣ ਲਈ ਕੁਝ ਬਚਿਆ ਕਿਉਂ ਸੀ। ਸੰਭਵ ਹੈ ਕਿ ਇਸ ਸਵਾਲ ਦਾ ਜਵਾਬ ਇਹ ਹੈ ਕਿ ਕੁਰਬਾਨੀਆਂ ਪਹਿਲਾਂ ਹੀ ਜਗਵੇਦੀ ਉੱਤੇ ਰੱਖੀਆਂ ਗਈਆਂ ਸਨ ਅਤੇ ਉਹ ਇਸ ਉੱਤੇ ਸੜ ਰਹੀਆਂ ਸਨ (ਜਾਂ ਧੁਖ ਰਹੀਆਂ) ਸਨ ਪਰ ਖ਼ੁਦਾ ਵੱਲੋਂ ਆਈ ਅੱਗ ਨੇ ਉਸ ਸਭ ਨੂੰ ਜੋ ਰਹਿ ਗਿਆ ਸੀ ਰੱਬੀ ਸ਼ਕਤੀ ਨੂੰ ਵਿਖਾਉਂਦਿਆਂ ਭਸਮ ਕਰ ਦਿੱਤਾ। ਬਾਅਦ ਵਿਚ ਇਕ ਵਾਰ, ਅਕਾਸ਼ ਤੋਂ ਆਈ ਅੱਗ ਨੇ ਏਲੀਯਾਹ ਦੀ ਦੁਆ ਦੇ ਜਵਾਬ ਵਿਚ ਜਗਵੇਦੀ ਉੱਤੇ ਰੱਖੀਆਂ ਕੁਰਬਾਨੀਆਂ ਨੂੰ ਭਸਮ ਕਰ ਦਿੱਤਾ (1 ਰਾਜਿਆਂ 18:30–40)। [10]ਇਹ ਸੁਝਾਅ ਦਿੰਦਿਆਂ ਕਿ ਕੂਚ 40:34 ਵਿਚ ਖ਼ੁਦਾ ਦੇ ਬੋਲਣ ਦਾ ਦਰਸ਼ਣ ਲੇਵੀਆਂ 9:23 ਵਾਲੇ ਦਰਸ਼ਣ ਵਾਲਾ ਹੀ ਹੈ, ਆਰ. ਲੇਅਰਡ ਹੈਰਿਸ ਨੇ ਇਕ ਵੱਖਰਾ ਨਜ਼ਰੀਆ ਪੇਸ਼ ਕੀਤਾ। ਉਸ

ਦਾ ਤਰਕ ਸੀ ਕਿ ਜੇ ਖ਼ੁਦਾ ਨੇ ਕੂਚ 40 ਵਿਚ ਮੁਕੰਮਲ ਹੋਏ ਡੇਰੇ ਨੂੰ ਆਪਣੀ ਪਰਵਾਨਗੀ ਵਿਖਾਈ ਸੀ, ਤਾਂ ਉਸ ਨੂੰ ਲੇਵੀਆਂ 9 ਵਿਚ ਫੇਰ ਤੋਂ ਅਜਿਹਾ ਕਰਨ ਦੀ ਲੋੜ ਨਹੀਂ ਹੋਣੀ ਸੀ। ਹੈਰਿਸ ਨੇ ਇਹ ਵੀ ਕਿਹਾ ਕਿ ਤੁਰੇਤ ਦੇ ਇਸ ਹਿੱਸੇ ਦਾ ਬਿਲਕੁਲ ਤਰਤੀਬਬੱਧ ਹੋਣਾ ਜ਼ਰੂਰੀ ਨਹੀਂ ਹੈ ਅਤੇ ਹੋਮ ਬਲੀ ਦੀ ਕੁਰਬਾਨੀ ਅਤੇ ਕੂਚ 40:29 ਵਿਚਲੀ ਮੈਦੇ ਦੀ ਭੇਟ ਡੇਰੇ ਦੇ ਪਹਿਲਾਂ ਪਵਿੱਤਰ ਕੀਤੇ ਜਾਣ ਦੀ ਦਲੀਲ ਦਿੰਦੀ ਹੈ। ਇਸ ਵਿਚਾਰ ਦੇ ਮੁਤਾਬਿਕ ਲੇਵੀਆਂ 8 ਅਤੇ 9 ਦੀਆਂ ਘਟਨਾਵਾਂ ਕੂਚ 40:34 ਵਿਚ ਯਹੋਵਾਹ ਦੇ ਦਰਸ਼ਣ ਤੋਂ ਪਹਿਲਾਂ ਦੀਆਂ ਸਨ ਅਤੇ ਖ਼ੁਦਾ ਦਾ ਇੱਕੋ ਇਕ ਦਰਸ਼ਨ ਡੇਰੇ ਦੇ ਪੂਰਾ ਹੋਣ ਅਤੇ ਪਵਿੱਤਰ ਕੀਤੇ ਜਾਣ ਨਾਲ ਸੰਬਧਿਤ ਸੀ। (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ–ਗਿਣਤੀ*, ਸੰਪਾ. ਫ੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990], 564–65 ਵਿਚ ਆਰ. ਲੇਅਰਡ ਹੈਰਿਸ, ''ਲੇਵੀਆਂ ਦੀ ਪੋਥੀ।'') ਇਹ ਵਿਚਾਰ ਸੰਭਵ ਨਹੀਂ ਲਗਦਾ। ਡੇਰੇ ਦੇ ਮੁਕੰਮਲ ਹੋਣ ਵੇਲੇ ਅਤੇ ਯਾਜਕਾਈ ਦੇ ਪਵਿੱਤਰ ਕੀਤੇ ਜਾਣ ਵੇਲੇ ਵੀ ਖ਼ੁਦਾ ਨੂੰ ਆਪਣਾ ਪ੍ਰਤਾਪ ਵਿਖਾਉਣ ਦੀ ਲੋੜ ਲੱਗੀ ਹੋ ਸਕਦੀ ਹੈ। ਕੂਚ 40:29 ਵਾਲੀਆਂ ਕੁਰਬਾਨੀਆਂ ਡੇਰੇ ਦੇ ਮੁਕੰਮਲ ਹੋਣ ਤੋਂ ਬਾਅਦ, ਪਰ ਯਾਜਕਾਈ ਦੇ ਪਵਿੱਤਰ ਕੀਤੇ ਜਾਣ ਤੋਂ ਬਾਅਦ ਦੀਆਂ ਹੋ ਸਕਦੀਆਂ ਹਨ।

[11]ਹੈਰਿਸਨ, 104. [12]ਕਲਾਈਡ ਐੱਮ. ਵੂਡਸ, *ਲੇਵੀਆਂ ਦੀ ਪੋਥੀ–ਗਿਣਤੀ–ਬਿਵਸਥਾ ਸਾਰ*, ਦ ਲਿਵਿੰਗ ਵੇ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ, ਜਿਲਦ 2 (ਸ਼ਰੇਵੇਪੋਰਟ, ਲੁਇਸਿਆਨਾ: ਲੈਂਬਰਟ ਬੁਕ ਹਾਊਸ, 1974), 23.